ਖ਼ਾਲਸਾ ਕਾਲਜ

# ਸੱਜਰਾ ਸਾਹਿਤ

ਪੰਜਾਬੀ ਰਸਾਲਾ



## ਅਗਸਤ 2024

ਅੰਕ ਨੰ: 20

KHALSA COLLEGE SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

www.PunjabiLibrary.com

# ਸੱਜਰਾ ਸਾਹਿਤ ਪੰਜਾਬੀ ਰਸਾਲਾ

## ਅਗਸਤ 2024

ਵੱਲੋਂ :

® ਖ਼ਾਲਸਾ ਕਾਲਜ ਅੰਮ੍ਰਿਤਸਰ

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

KHALSA COLLEGE
SAJRA SAHIT

ਖ਼ਾਲਸਾ ਕਾਲਜ ਸੱਜਰਾ ਸਾਹਿਤ

ਪੰਜਾਬੀ ਰਸਾਲਾ **ਅਗਸਤ** 2024

ਵੱਲੋਂ :

ਪੰਜਾਬੀ ਵਿਭਾਗ

ਖ਼ਾਲਸਾ ਕਾਲਜ, ਅੰਮ੍ਰਿਤਸਰ।

ਜੀ. ਟੀ. ਰੋਡ, ਅੰਮ੍ਰਿਤਸਰ, 143002

ਮੋ : +91 9417534823, **8195903361.**

ਈ-ਮੇਲ : Khalsacollegesajrasahit@gmail.com

ਇਨਸਟਾਗ੍ਰਾਮ : @Khalsacollegesajrasahit

ਪ੍ਰਕਾਸ਼ਿਤ ਮਿਤੀ : 01 **ਅਗਸਤ** 2024

ਅੰਕ ਨੰ: 20

ਮੁੱਖ ਸੰਪਾਦਕ :

ਸਾਹਿਬਜੀਤ ਸਿੰਘ (ਐਮ. ਏ. ਪੰਜਾਬੀ)

ਸੰਪਾਦਕ :

ਸਤਨਾਮ ਸਿੰਘ (ਐਮ. ਏ. ਪੰਜਾਬੀ)

ਦਲਜੀਤ ਕੌਰ (ਬੀ. ਏ.)

ਅਮਨਦੀਪ ਕੌਰ (ਬੀ. ਏ.)

ਪ੍ਰਕਾਸ਼ਕ :

ਖ਼ਾਲਸਾ ਕਾਲਜ ਸੱਜਰਾ ਸਾਹਿਤ

Punjabilibrary.com

ਪ੍ਰੀਤ ਸਿੰਘ ਭੈਣੀ

# ਤਤਕਰਾ


| | | |
|---|---|---|
| 1. | ਦੋ ਸ਼ਬਦ | 07 |
| 2. | ਯਾਦ ਨਿਸ਼ਾਨੀ | 11 |
| 3. | ਕਬਿੱਤ | 12 |
| 4. | ਤੇਰੀ ਦੀਦ | 14 |
| 5. | ਤੇਰਾਂ ਤੇਰਾਂ ਤੋਲਦਾ | 15 |
| 6. | ਮਾਫ਼ ਕਰ ਦੇ | 17 |
| 7. | ਸਫ਼ਰ ਦਾ ਆਰੰਭ (ਪੇਂਟਿੰਗ) | 18 |
| 8. | ਨਾਗ ਬਿਰਹੋਂ | 19 |
| 9. | ਚੰਗਾ ਨਹੀਂ | 21 |
| 10. | ਰੁਬਾਈ | 23 |
| 11. | ਤੇਰੇ ਪੈਰਾਂ ਵਰਗੀ | 24 |
| 12. | ਚਾਰੇ ਕੂੰਡ | 26 |
| 13. | ਮੁਹੱਬਤ ਤੱਕ ਦਾ ਸਫ਼ਰ | 27 |
| 14. | ਮਿਹਰਬਾਨੀ | 28 |
| 15. | ਗ਼ਜ਼ਲ਼ | 29 |
| 16. | ਰੁੱਖ ਵੀ ਘਰ ਹੈ (ਡੀਜ਼ੀਟਲ ਆਰਟ) | 30 |
| 17. | ਦੱਸ ਸਾਡਾ ਕਸੂਰ ਕੀ ਏ | 31 |
| 18. | ਤੂੰ ਤੇ ਰੰਗ | 32 |
| 19. | ਗੱਲਾਂ ਚਾਹੇ ਦੋ ਕਰ | 33 |

| | | |
|---|---|---|
| 20. | ਮਹਿੰਗੀ ਮੰਗ | 34 |
| 21. | ਇਹ ਹੋ ਸਕਦਾ | 36 |
| 22. | ਮੇਰੀ ਜ਼ੁਬਾਨ | 37 |
| 23. | ਬਚਪਨ | 38 |
| 24. | ਮੁਹੱਬਤ ਕਰੀਏ | 39 |
| 25. | ਸਿਧਾਰਥ (ਪੇਂਟਿੰਗ) | 40 |
| 26. | ਕੋਈ ਚੰਗੀ ਬਾਤ ਨਾ ਤੇਰੀ ਐ | 41 |
| 27. | ਸੁਪਨੇ 'ਚ ਆਈ | 42 |
| 28. | ਤੇਰੀਆਂ ਖੁਸ਼ੀਆਂ | 44 |
| 29. | ਜੰਗਲੀ ਭੇੜੀਆ (ਪੈਨਸ਼ਲ ਆਰਟ) | 45 |
| 30. | ਸਾਡੇ ਮੋਤੀ | 46 |
| 31. | ਵੰਡੀਆਂ | 47 |
| 32. | ਦਿਲ ਤੈਨੂੰ ਚੁਣਿਆ | 48 |
| 33. | ਤੇਰੇ ਬਾਝ | 49 |
| 34. | ਮੋੜ ਦੇ ਉੱਤੇ | 51 |
| 35. | ਅੱਖਾਂ ਨੂੰ | 53 |
| 36. | ਸਾਨੂੰ ਭੁੱਲੀਆਂ ਨਹੀਂ | 54 |
| 37. | ਦਿਲ ਦਾ ਬੂਹਾ | 55 |
| 38. | ਇਸ਼ਕੇ ਇਬਾਦਤ | 58 |
| 39. | ਜ਼ਰੂਰੀ | 59 |
| 40. | ਢਲਦਾ ਸੂਰਜ (ਡੀਜ਼ੀਟਲ ਆਰਟ) | 60 |

| | | |
|---|---|---|
| 41. | ਇੰਤਜ਼ਾਰ ਬਾਕੀ ਏ | 61 |
| 42. | ਚੁੱਪ ਹੈ | 62 |
| 43. | ਸੋਹਣੀ ਦਾਤ | 63 |
| 44. | ਦੇਸ਼ ਨੂੰ ਆਜ਼ਾਦ ਹੋਏ | 64 |
| 45. | ਲਿਖਤਾਂ | 65 |
| 46. | ਅੱਜ ਕੱਲ੍ਹ | 67 |
| 47. | ਬਾਰਾਸਿੰਘਾ (ਪੈਂਨਸਲ ਆਰਟ) | 68 |
| 48. | ਇਸ਼ਕ ਦੇ ਕੰਡੇ ਨੂੰ | 69 |
| 49. | ਸਵਾਲਾਂ ਦੇ ਭੂਚਾਲ | 71 |
| 50. | ਇਸ਼ਕ 'ਚ ਰੱਤੇ | 72 |
| 51. | ਕਾਲਾ ਗੁਲਾਬ (ਕਹਾਣੀ) | 73 |

# ਦੋ ਸ਼ਬਦ

ਇੱਕ ਹਾਲੀਵੁੱਡ ਦੀ ਫ਼ਿਲਮ ਹੈ, 'ਦੀ ਹੌਬਿਟ : ਐਨ ਅੱਨਐਕਸਪੈਕਟਡ ਜ਼ਰਨੀ।' ਜੋ ਕਿ ਲੇਖਕ ਜੇ.ਆਰ.ਆਰ. ਟੋਲਕੀਅਨ ਦੀ ਨਾਵਲ ਅਧਾਰਿਤ ਫ਼ਿਲਮ ਹੈ। ਇਹ ਫ਼ਿਲਮ ਇੱਕ ਲੇਖਕ ਦੀ ਕਮਾਲ ਦੀ ਰਚਨਾਤਮਕ ਸੋਚ ਹੋਣ ਦਾ ਪੁਖਤਾ ਸਬੂਤ ਪੇਸ਼ ਕਰਦੀ ਹੈ। ਬਾ-ਕਮਾਲ ਰਚਨਾ ਹੈ। ਇਸ ਫ਼ਿਲਮ ਦੇ ਕਿਰਦਾਰਾਂ ਨੂੰ ਬਾਖੂਬੀ ਤਰੀਕੇ ਨਾਲ ਘੜਿਆ ਗਿਆ ਹੈ। ਉਂਝ ਤਾਂ ਉਸ ਵਿਚ ਲਗਭਗ ਸਾਰੇ ਹੀ ਕਿਰਦਾਰ ਕਮਾਲ ਨੇ ਪਰ ਦੋ ਕਿਰਦਾਰ ਐਸੇ ਨੇ ਜ਼ਿੰਨ੍ਹਾਂ ਦੇ ਇਰਦ ਗਿਰਦ ਹੀ ਸਾਰੀ ਕਹਾਣੀ ਘੁੰਮਦੀ ਹੈ।

ਕੀ ਹੁੰਦਾ ਹੈ ਕਿ ਜਦ ਸ਼ਾਇਰ ਦਾ ਰਹਿਣ ਵਾਲਾ ਬਿਲਬੋ ਬੈਗਨ ਨਾਂਅ ਦਾ ਹੌਬਿਟ ਆਪਣੇ ਸਾਥੀਆਂ ਨਾਲ ਇੱਕ ਅਨੋਖੀ ਯਾਤਰਾ 'ਤੇ ਨਿਕਲਦਾ ਹੈ ਤਾਂ ਉਹ ਕੁਝ ਵਕਤ ਲਈ ਆਪਣੇ ਸਾਥੀਆਂ ਤੋਂ ਵਿਛੜ ਇੱਕ ਗੁਫ਼ਾ ਵਿਚ ਪਹੁੰਚ ਜਾਂਦਾ ਹੈ, ਉਸ ਗੁਫ਼ਾ ਵਿਚ ਉਸਨੂੰ ਇੱਕ ਕਮਾਲ ਦੀ ਸੋਨੇ ਦੀ ਮੁੰਦਰੀ ਮਿਲਦੀ ਹੈ। ਉਹ ਮੁੰਦਰੀ ਉਸੇ ਹੀ ਗੁਫ਼ਾ ਵਿਚ ਰਹਿੰਦੇ ਇੱਕ ਗੋਲਮ ਨਾਂਅ ਦੇ ਅਨੋਖੇ ਜਿਹੇ ਜੀਵ ਦੀ ਸੀ। ਜਦੋਂ ਗੋਲਮ ਦੀ ਮੁੰਦਰੀ ਗੁਫ਼ਾ 'ਚ ਗਵਾਚਦੀ ਹੈ ਤਾਂ ਉਸਦੀ ਨਜ਼ਰ ਬਿਲਬੋ ਬੈਗਨ 'ਤੇ ਜਾਂਦੀ ਹੈ। ਬਿਲਬੋ ਮੁੰਦਰੀ ਲੁਕਾ ਲੈਂਦਾ ਹੈ। ਗੋਲਮ, ਬਿਲਬੋ ਤੋਂ ਆਪਣੀ ਮੁੰਦਰੀ ਵਾਪਿਸ ਹਾਸਲ ਕਰਨ ਲਈ ਇੱਕ ਬੁਝਾਰਤਾਂ ਦੀ ਖੇਡ ਖੇਡਦਾ ਹੈ। ਦੋਵੇਂ ਇੱਕ ਦੂਜੇ ਨੂੰ ਬੁਝਾਰਤਾਂ ਪਾਉਂਦੇ ਨੇ। ਅੰਤਿਮ ਬੁਝਾਰਤ ਗੋਲਮ ਪਾਉਂਦਾ ਹੈ,

ਉਹ ਆਖਦਾ ਹੈ, "ਐਸਾ ਕੀ ਹੈ, ਜੋ ਖਾ ਜਾਂਦਾ ਏ ਪਹਾੜ, ਨਦੀਆਂ, ਆਕਾਸ਼, ਰੁੱਖ, ਬੂਟੇ, ਲੋਹਾ, ਲੱਕੜ, ਮਿੱਟੀ, ਪਛੂ, ਪੰਛੀ, ਜਾਨਵਰ, ਇਨਸਾਨ, ਦੁਨੀਆਂ ਦੀ ਹਰ ਇੱਕ ਨਿੱਕੀ ਤੋਂ ਨਿੱਕੀ ਤੇ ਵੱਡੀ ਤੋਂ ਵੱਡੀ ਚੀਜ਼?"

ਸ਼ਾਇਰ ਦਾ ਰਹਿਣ ਵਾਲਾ ਬਿਲਬੋ ਬੈਗਨ ਉਂਝ ਤਾਂ ਬਹੁਤ ਤੇਜ਼ ਹੁੰਦਾ ਹੈ ਪਰ ਇਸ ਬੁਝਾਰਤ ਵਿਚ ਫਸ ਜਾਂਦਾ ਹੈ, ਉਹ ਬਹੁਤ ਪੁੱਠੇ ਸਿੱਧੇ ਜੁਆਬ ਦੇਂਦਾ ਹੈ, ਪਰ ਸਭ ਦੇ ਸਭ ਗ਼ਲਤ ਹੁੰਦੇ ਜਾਂਦੇ। ਗੋਲਮ ਨੂੰ ਆਪਣੀ ਜਿੱਤ ਪੱਕੀ ਲੱਗਦੀ ਹੈ, ਉਹ ਟੱਪਦਾ ਹੈ ਕਿ ਹੌਬਿਟ ਹਾਰ ਗਿਆ ਤੇ ਉਹ ਉਸਨੂੰ ਮਾਰ ਕੇ ਖਾਵੇਗਾ ਤੇ ਆਪਣੀ ਮੁੰਦਰੀ ਮੁੜ ਤੋਂ ਹਾਸਲ ਕਰ ਲਵੇਗਾ। ਜਦੋਂ ਬਿਲਬੋ ਬੈਗਨ ਦੇ ਅਨੇਕਾਂ ਵਾਰ ਗ਼ਲਤ ਜੁਆਬ ਦੇਣ 'ਤੇ ਗੋਲਮ ਉਸਨੂੰ ਮਾਰਨ ਲਈ ਅੱਗੇ ਵਧਦਾ ਹੈ ਤਾਂ ਬਿਲਬੋ ਦਾ ਦਿਮਾਗ ਅਚਾਨਕ ਕੰਮ ਕਰਦਾ ਹੈ ਤੇ ਉਹ ਆਖਦਾ ਹੈ,

"ਸਮਾਂ, ਸਮਾਂ ਹੀ ਹੈ ਜੋ ਸਭ ਕੁਝ ਖਾ ਜਾਂਦਾ ਹੈ, ਸਮਾਂ ਹੀ ਜਿਸਤੋਂ ਵੱਡਾ ਕੋਈ ਬਲਵਾਨ ਨਹੀਂ।"

ਬਿਲਬੋ ਬੈਗਨ ਦਾ ਇਹ ਜੁਆਬ ਬਿਲਕੁਲ ਠੀਕ ਹੁੰਦਾ ਹੈ ਤੇ ਗੋਲਮ ਨਿਰਾਸ਼ ਹੁੰਦਾ ਹੈ ਤੇ ਕਹਾਣੀ ਅੱਗੇ ਵਧਦੀ ਹੈ।

ਬਿਲਬੋ ਦੇ ਕਹੇ ਅਨੁਸਾਰ ਸਮਾਂ ਹੀ ਹੈ ਜੋ ਪੁਰਾਣਾ ਖ਼ਤਮ ਕਰ ਦੇਂਦਾ ਹੈ ਤੇ ਨਵਾਂ ਪੁਨਰ ਸੁਰਜੀਤ ਕਰ ਦੇਂਦਾ ਹੈ। ਸਮੇਂ ਵਿਚ ਪੁਰਾਣੀਆਂ ਰੀਤਾਂ ਖ਼ਤਮ ਹੁੰਦੀਆਂ ਨੇ ਤੇ ਨਵੀਂਆਂ ਬਣਦੀਆਂ ਹਨ। ਮਹਾਂਭਾਰਤ ਦੇ ਯੁੱਧ ਦੌਰਾਨ ਵੀ ਜਦ ਅਰਜੁਨ ਆਪਣੇ ਹਥਿਆਰ ਸੁੱਟ ਦੇਂਦਾ ਹੈ ਤਾਂ ਭਗਵਾਨ ਕ੍ਰਿਸ਼ਨ ਉਸਨੂੰ ਸਮਝਾਉਂਦੇ ਹਨ ਕਿ ਇਹ ਸਭ ਸਮੇਂ ਦਾ ਚੱਕਰ ਹੈ, ਪੁਰਾਣੀਆਂ ਰੀਤਾਂ ਸਮਾਜ ਲਈ ਜ਼ਹਿਰ ਬਣ ਗਈਆਂ ਨੇ ਇਸ ਲਈ ਇਹਨਾਂ ਦਾ ਖ਼ਤਮ ਹੋਣਾ ਠੀਕ ਹੈ, ਪੁਰਾਣੀਆਂ ਰੀਤਾਂ ਖ਼ਤਮ ਹੋਣਗੀਆਂ ਤਾਂ ਨਵੀਂਆਂ ਰੀਤਾਂ ਜਨਮ ਲੈਣਗੀਆਂ ਤੇ ਇਹ ਜ਼ਰੂਰੀ ਵੀ ਹੈ। ਭਗਵਾਨ ਕ੍ਰਿਸ਼ਨ ਆਖਦੇ ਨੇ ਕਿ ਹੇ ਅਰਜੁਨ ਅਗਰ ਤੂੰ ਇਹ ਯੁੱਧ ਨਹੀਂ ਕਰੇਗਾ ਤਾਂ ਮੈਂ ਇਹ ਸਭ ਨੂੰ ਖ਼ੁਦ ਖ਼ਤਮ ਕਰਾਂਗਾ,

ਕਿਉਂਕਿ ਇਹਨਾਂ ਦਾ ਖ਼ਤਮ ਹੋਣਾ ਤੈਅ ਹੈ। ਸੋ ਜੋ ਵੀ ਪੁਰਾਣਾ ਹੈ ਉਹ ਖ਼ਤਮ ਹੋਵੇਗਾ ਤਾਂ ਹੀ ਨਵਾਂ ਜਨਮ ਲਵੇਗਾ।

ਖ਼ਾਲਸਾ ਕਾਲਜ ਸੱਜਰਾ ਸਾਹਿਤ ਆਨਲਾਇਨ ਪੰਜਾਬੀ ਰਸਾਲਾ 01 ਜਨਵਰੀ 2023 ਵਿਚ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਦੇ ਮੁੱਖੀ ਸਾਹਿਬ ਡਾ. ਆਤਮ ਸਿੰਘ ਰੰਧਾਵਾ ਜੀ ਤੋਂ ਆਗਿਆ ਲੈ ਆਪਣੇ ਸਾਥੀ, ਪਵਨਦੀਪ ਕੌਰ, ਸਾਹਿਬਜੀਤ ਸਿੰਘ, ਰਣਜੀਤ ਕੌਰ, ਇੰਦਰਜੀਤ ਸਿੰਘ ਦੀ ਮਦਦ ਨਾਲ, ਪੰਜਾਬੀ ਸਾਹਿਤ ਸਭਾ ਦੇ ਇੰਚਾਰਜ਼, ਡਾ. ਹੀਰਾ ਸਿੰਘ ਜੀ ਤੇ ਡਾ. ਮਿੰਨੀ ਸਲਵਾਨ ਜੀ ਦੀ ਰਹਿਨੁਮਾਈ ਹੇਠ ਸ਼ੁਰੂ ਕੀਤਾ ਸੀ ਤੇ ਉਹਨਾਂ ਦੇ ਸਹਿਯੋਗ ਸਦਕਾ ਹੀ ਇਸ ਵੀਹਵੇਂ ਅੰਕ ਦੇ ਲਈ ਮੈਂ ਦੋ ਸ਼ਬਦ ਲਿਖ ਰਿਹਾ ਹਾਂ। ਇਹ ਰਸਾਲਾ ਖ਼ਾਲਸਾ ਕਾਲਜ ਦੇ ਉੱਗੇ ਰਚਨਾਕਾਰਾਂ ਦੀਆਂ ਰਚਨਾਵਾਂ ਨਾਲ ਹੁਣ ਤੱਕ ਬਹੁਤ ਹੀ ਸੋਹਣੇ ਢੰਗ ਨਾਲ ਚੱਲਦਾ ਰਿਹਾ ਤੇ ਸਮੇਂ ਦਾ ਨਾਲ ਨਾਲ ਨਵੇਂ ਤੋਂ ਨਵੇਂ ਰਚਨਾਕਾਰ ਜੁੜਦੇ ਗਏ। ਮੈਂ ਮੁੱਖ ਸੰਪਾਦਕ ਦੇ ਨਾਤੇ ਪਹਿਲੇ ਅੰਕ ਤੋਂ 18 ਅੰਕ ਤੱਕ ਇਸ ਰਸਾਲੇ 'ਚ ਕੰਮ ਕੀਤਾ ਤੇ ਮੇਰੇ ਸਹਾਇਕ ਪਵਨਦੀਪ ਕੌਰ, ਰਣਜੀਤ ਕੌਰ, ਸਾਹਿਬਜੀਤ ਸਿੰਘ ਤੇ ਇੰਦਰਜੀਤ ਸਿੰਘ ਰਹੇ।

ਪਰ ਉੱਪਰ ਜਿਵੇਂ ਮੈਂ ਕਿਹਾ ਕਿ ਸਮਾਂ ਬਲਵਾਨ ਹੈ, ਪੁਰਾਣੇ ਖ਼ਤਮ ਹੋਣਗੇ ਤਾਂ ਨਵੇਂ ਜਨਮ ਲੈਣਗੇ। ਸਮੇਂ ਦੇ ਇਸ ਚੱਕਰ ਕਾਰਨ ਸਾਡਾ ਇਸ ਜ਼ਿੰਮੇਵਾਰੀ ਤੋਂ ਮੁਕਤ ਹੋਣ ਦਾ ਸਮਾਂ ਹੈ। ਕਿਉਂਕਿ ਹੁਣ ਅਸੀਂ ਖ਼ਾਲਸਾ ਕਾਲਜ ਦੇ ਵਿਦਿਆਰਥੀ ਹੋਣ ਦਾ ਕਾਰਜਕਾਲ ਪੂਰਾ ਕਰ ਲਿਆ ਹੈ। ਅਸੀਂ ਆਪਣੀ ਇਹ ਜ਼ਿੰਮੇਵਾਰੀ ਖ਼ਾਲਸਾ ਕਾਲਜ, ਐਮ. ਏ. ਪੰਜਾਬੀ ਦੇ ਬੜੇ ਹੀ ਹੋਣਹਾਰ ਵਿਦਿਆਰਥੀ, ਇੱਕ ਚੰਗੇ ਲਿਖਾਰੀ ਤੇ ਜ਼ਿੰਮੇਵਾਰ ਇਨਸਾਨ, ਸਾਹਿਬਜੀਤ ਸਿੰਘ ਦੇ ਮੋਢਿਆਂ 'ਤੇ ਪਾ ਰਹੇ ਹਾਂ। ਸਾਹਿਬਜੀਤ ਸਿੰਘ ਆਪਣੀ ਨਵੀਂ ਸੰਪਾਦਕੀ ਟੀਮ ਨਾਲ ਇਹ ਰਸਾਲੇ ਨੂੰ ਬੜੀ ਹੀ ਜ਼ਿੰਮੇਵਾਰੀ ਨਾਲ

ਆਪਣੇ ਖ਼ਾਲਸਾ ਕਾਲਜ ਦੇ ਵਿਦਿਆਰਥੀ ਦੇ ਕਾਰਜਕਾਲ ਖ਼ਤਮ ਹੋਣ ਤੱਕ ਪੂਰੀ ਨਿਸ਼ਠਾ ਨਾਲ ਵਿਕਾਸ ਦੀ ਲੀਹਾਂ ਤੱਕ ਲਿਜਾਵੇਗਾ ਤੇ ਹੋਰ ਚੰਗੇ ਸ਼ਾਇਰ, ਕਵੀ, ਕਹਾਣੀਕਾਰ, ਚਿੱਤਰਕਾਰ ਆਦਿ ਜੋੜਦਾ ਰਹੇਗਾ।

ਸੱਜਰਾ ਸਾਹਿਤ ਰਸਾਲੇ ਦਾ 19 ਵਾਂ ਅੰਕ ਬੜੀ ਹੀ ਹੋਣਹਾਰ ਵਿਦਿਆਰਥੀ ਤੇ ਕਵਿਤਰੀ ਬੀ. ਏ. ਕਲਾਸ ਦੀ ਕੁੜੀ ਦਲਜੀਤ ਕੌਰ ਦੀ ਮੁੱਖ ਸੰਪਾਦਕੀ 'ਚ ਪ੍ਰਕਾਸ਼ਿਤ ਹੋਇਆ ਸੀ ਤੇ ਅੰਕ 20 ਤੋਂ ਇਹ ਰਸਾਲਾ ਸਾਹਿਬਜੀਤ ਸਿੰਘ ਦੀ ਮੁੱਖ ਸੰਪਾਦਕੀ 'ਚ ਪ੍ਰਕਾਸ਼ਿਤ ਹੋਇਆ ਕਰੇਗਾ। ਮੈਂ ਆਪਣੀ ਪੁਰਾਣੀ ਸੰਪਾਦਕੀ ਟੀਮ ਵੱਲੋਂ ਸਾਹਿਬਜੀਤ ਸਿੰਘ ਤੇ ਉਸਦੀ ਨਵੀਂ ਸੰਪਾਦਕੀ ਟੀਮ ਨੂੰ ਇਸ ਰਸਾਲੇ ਦੀ ਜ਼ਿੰਮੇਵਾਰੀ ਲਈ ਵਧਾਈ ਦਿੰਦਾ ਹਾਂ ਤੇ ਆਸ ਕਰਦਾ ਹਾਂ ਕਿ ਜਿਵੇਂ ਇਹ ਰਸਾਲਾ ਪਹਿਲਾਂ ਚੱਲਦਾ ਸੀ ਆਉਣ ਵਾਲੇ ਵਕਤ 'ਚ ਇਹ ਰਸਾਲਾ ਹੋਰ ਸੋਹਣੇ ਤੇ ਸੁਚੱਜੇ ਢੰਗ ਨਾਲ ਚੱਲੇਗਾ ਤੇ ਸਮੇਂ ਦੀਆਂ ਲੀਹਾਂ ਨੂੰ ਪਾਰ ਕਰਦਾ ਹੋਰਾਂ ਨੂੰ ਇਸ ਦੀ ਜ਼ਿੰਮੇਵਾਰੀ ਨੂੰ ਚੁੱਕਣ ਲਈ ਪ੍ਰੇਰਿਤ ਕਰੇਗਾ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**



# ਯਾਦ ਨਿਸ਼ਾਨੀ

ਦੁਨੀਆ ਖੁੰਡੇ ਲੱਗੀ ਪਈ ਏ।

ਪਾਪੀ ਢਿੱਡ ਨੂੰ ਆਪਣੀ ਪਈ ਏ ।

ਇਹ ਰਸਤਾ ਕੋਈ ਸੌਖਾ ਨਾਹੀ,

ਹੱਦ ਦੀ ਹਦ ਵੀ ਟਪਣੀ ਪਈ ਏ।

ਉਹਦੇ ਅੱਧੇ ਜੁਮਲੇ ਪਿੱਛੇ,

ਪੂਰੀ ਗੱਲ ਹੀ ਨਪਣੀ ਪਈ ਏ।

ਰਾਤਾਂ ਨੂੰ ਜਗਰਾਤੇ ਕਟਣੇ ਪੈਂਦੇ ਨੇ,

ਯਾਦ ਨਿਸ਼ਾਨੀ ਰੱਖਣੀ ਨਈ ਏ।

ਗੁਰਜਿੰਦਰ ਸ਼ਾਹ

ਐੱਮ. ਏ. ਪੰਜਾਬੀ



# ਕਬਿੱਤ

ਦਹੀਂ ਜੈਸੇ ਜਾਗ ਬਿਨਾਂ, ਫਲ ਜੈਸੇ ਬਾਗ਼ ਬਿਨਾਂ,
ਪੁੱਤਰ ਸੁਭਾਗ ਬਿਨਾਂ, ਨਹੀਂ ਹੱਥ ਆਂਵਦੇ।

ਫੁੱਲ ਜੈਸੇ ਪਾਣੀ ਬਿਨਾਂ, ਪ੍ਰੇਮੀ ਜੈਸੇ ਹਾਣੀ ਬਿਨਾਂ,
ਬੰਦਾ ਖੁਸ਼ੀ ਮਾਣੀ ਬਿਨਾਂ, ਨਹੀਂ ਮੁਸਕਰਾਂਵਦੇ।

ਖ੍ਰੀਦੀਏ ਜੇ ਜਾਣੇ ਬਿਨਾਂ, ਪੈਸਾਂ ਸਿਆਣੇ ਬਿਨਾਂ,
ਰਾਹੀ ਜੋ ਟਿਕਾਣੇ ਬਿਨਾਂ, ਲੁੱਟੇ ਸਦਾ ਜਾਂਵਦੇ।

ਬੱਚਾ ਕਦੇ ਮਾਤਾ ਬਿਨਾਂ, ਪੁਰਖ਼ ਬਿਧਾਤਾ ਬਿਨਾਂ,
ਗਿਆਨੀ ਗਿਆਤਾ ਬਿਨਾਂ,ਨਹੀਂ ਕਿਸੇ ਥਾਂਵਦੇਂ।

ਸਾਧੂ ਜੈਸੇ ਬਾਣੀ ਬਿਨਾਂ, ਮੱਖਣ ਮਧਾਣੀ ਬਿਨਾਂ,
ਲੇਖਕ ਕਹਾਣੀ ਬਿਨਾਂ, ਨਹੀਂ ਸ਼ੋਭਾ ਪਾਂਵਦੇ।

ਭਰਾ ਕਦੇ ਭੈਣ ਬਿਨਾਂ,ਲੜਨੇ ਤੋ ਰਹਿਣ ਬਿਨਾਂ,
ਭਾਈ ਭਾਈ ਖਹਿਣ ਬਿਨਾਂ,ਪਿਆਰ ਨਾ ਜਿਤਾਂਵਦੇ

ਪਤੀ ਜੈਸੇ ਨਾਰ ਬਿਨਾਂ, ਬਿਜਲੀ ਜੀ ਤਾਰ ਬਿਨਾਂ,

ਘੜਾ ਘੁਮਿਆਰ ਬਿਨਾਂ, ਨਹੀਂ ਪ੍ਰਗਟਾਂਵਦੇ।

ਜੇਬ ਵਿੱਚ ਨੋਟ ਬਿਨਾਂ, ਤਨ ਉੱਤੇ ਕੋਟ ਬਿਨਾਂ,

ਦਿਲ ਵੱਜੇ ਚੋਟ ਬਿਨਾਂ,ਰਾਹ ਨਹੀਂ ਥਿਆਂਵਦੇ

ਹਉਮੇ ਨੂੰ ਮਾਰੇ ਬਿਨਾਂ, ਪਤਨੀ ਸਹਾਰੇ ਬਿਨਾਂ

ਠੱਗ ਕਦੇ ਲਾਰੇ ਬਿਨਾਂ, ਮੰਜ਼ਿਲ ਨਾ ਪਾਂਵਦੇ,

ਫ਼ਸਲ ਕਿਸਾਨ ਬਿਨਾਂ,ਸੰਤ ਜੈਸੇ ਧਿਆਨ ਬਿਨਾਂ,

"ਪ੍ਰੀਤ ਬੈਂਕਾ" ਗਿਆਨ ਬਿਨਾਂ,ਨਹੀਂ ਕੋ ਚਾਂਹਵਦੇ।

ਲਵਪ੍ਰੀਤ ਸਿੰਘ ਬੈਂਕਾ

ਬੇ.ਏ. (ਜੀ.ਟੀ.ਟੀ)

ਤੀਜਾ ਸਾਲ



# ਤੇਰੀ ਦੀਦ

ਕੀ ਹੋ ਰਿਹਾ ਹੁਣ ਮੇਰਾ ਹਾਲ?

ਤੰਗ ਕਰਦੇ ਨੇ ਬੜੇ ਸਵਾਲ।

ਲੰਘਾਂ ਕਿੱਦਾ ਤੇ ਜਾਵਾਂ ਕਿਧਰੇ,

ਮੈਂ ਜਾ ਸਕਦਾ ਤੇਰੇ ਹੀ ਨਾਲ।

ਆਸ ਮੇਰੀ ਜਗਾਈ ਰੱਖੀਂ,

ਨਹੀ ਤੇਂ ਜਿੰਦ ਹੋਣੀ ਬੇਹਾਲ।

ਟੁਕੜੇ ਮੇਰੇ ਆਪੇ ਹੋ ਜਾਣੇ,

ਵਕਤ ਨੇ ਜੇ ਬੁਰੀ ਚੱਲੀ ਚਾਲ।

ਸੁੱਝਦਾ ਨਾ ਤੇਰੇ ਬਾਜੋਂ ਕੁੱਝ,

ਪਿਆਰ ਤੇਰੇ ਦੀ ਸੁਣੇ ਬਸ ਤਾਲ।

ਇਕ ਦਿਨ ਲੱਗੇ ਅੱਜ਼ਲਾਂ ਵਾਂਗ,

ਤੇਰੀ ਦੀਦ ਮਿਲੇ ਤਾਂ ਹੋਜੇ ਕਮਾਲ।

ਤੇਰੀ ਦੀਦ ਮਿਲੇ ਤਾਂ ਹੋਜੇ ਕਮਾਲ।



**ਮਨਦੀਪ ਸਿੰਘ**

**ਐੱਮ. ਏ. ਪੰਜਾਬੀ**

# ਤੇਰਾਂ ਤੇਰਾਂ ਤੋਲਦਾ

ਨਾਨਕੀ ਦਾ ਵੀਰ ਸੌਦਾ ਮੋਦੀਖਾਨੇ ਤੋਲਦਾ,

ਲੱਗੀ ਐਨ ਲਿਵ ਮੁੱਖੋਂ ਤੇਰਾਂ ਤੇਰਾਂ ਬੋਲਦਾ।

ਝੂਠ ਨਹੀਂ ਬੋਲਦਾ ਏ ਸੱਚ ਦਾ ਵਪਾਰੀ ਏ,

ਘਟ ਨਹੀਂ ਤੋਲਦਾ ਏ ਇਹ ਮੋਦੀ ਸਦਾਚਾਰੀ ਏ,

ਹਕੋ ਹੱਕ ਦੇਣ ਲੱਗਾ ਕਦੇ ਵੀ ਨਾ ਡੋਲਦਾ,

ਨਾਨਕੀ ਦਾ ਵੀਰ ਸੌਦਾ ਮੋਦੀਖਾਨੇ ਤੋਲਦਾ,

ਲੱਗੀ ਐਨ ਲਿਵ ਮੁੱਖੋਂ ਤੇਰਾਂ ਤੇਰਾਂ ਬੋਲਦਾ।

ਅੱਖੀਆਂ ਚ ਜੱਗ ਰਹੀ ਸੱਚ ਵੱਲ ਜੋਤ ਏ,

ਰੱਬ ਨਾਲ ਰੂਹ ਇਹਦੀ ਰਹਿੰਦੀ ਓਤ ਪੋਤ ਏ,

ਚੰਨ ਜੇਹਾ ਚਿਹਰਾ ਲਗੇ ਇਸ ਅਣਭੋਲ ਦਾ,

ਨਾਨਕੀ ਦਾ ਵੀਰ ਸੌਦਾ ਮੋਦੀਖਾਨੇ ਤੋਲਦਾ,

ਲੱਗੀ ਐਨ ਲਿਵ ਮੁੱਖੋਂ ਤੇਰਾਂ ਤੇਰਾਂ ਬੋਲਦਾ।

ਗ਼ਾਹਕ ਸਾਰੇ ਜਾਣ ਇਹਦੇ ਉਤੋਂ ਬਲਿਹਾਰੇ ਨੀ,

ਅਮੀਰ ਤੇ ਗਰੀਬ ਇਹਨੂੰ ਇਕੋ ਜਹੇ ਪਿਆਰੇ ਨੀ,

ਸਾਰਿਆ ਦੇ ਵਿਚ ਇਹ ਇਕੋ ਰੱਬ ਟੋਲਦਾ,

ਨਾਨਕੀ ਦਾ ਵੀਰ ਸੌਦਾ ਮੋਦੀਖਾਨੇ ਤੋਲਦਾ,

ਲੱਗੀ ਐਨ ਲਿਵ ਮੁੱਖੋਂ ਤੇਰਾਂ ਤੇਰਾਂ ਬੋਲਦਾ।

ਨਾਨਕੀ ਦੇ ਵੀਰ ਦੀਆਂ ਗੱਲਾਂ ਨੇ ਪਿਆਰਿਆਂ,

ਕਦਰ ਨਾ ਜਾਣੀ ਇਹਦੇ ਕੱਚ ਦੇ ਵਪਾਰੀਆਂ,

ਆਤਮਾ ਨੂਰਾਨੀ ਇਹ ਹੀਰਾ ਅਨਮੋਲ ਦਾ,

ਨਾਨਕੀ ਦਾ ਵੀਰ ਸੌਦਾ ਮੋਦੀਖਾਨੇ ਤੋਲਦਾ।

ਲੱਗੀ ਐਨ ਲਿਵ ਮੁੱਖੋਂ ਤੇਰਾਂ ਤੇਰਾਂ ਬੋਲਦਾ।

ਨਾਨਕੀ ਦਾ ਵੀਰ ਸੌਦਾ ਮੋਦੀਖਾਨੇ ਤੋਲਦਾ।

**ਰਣਜੀਤ ਕੌਰ**

**ਐੱਮ. ਏ. ਪੰਜਾਬੀ**




# ਮਾਫ਼ ਕਰ ਦੇ

ਕੀਤੇ ਹੋਏ ਗੁਨਾਹ ਹੁਣ ਮਾਫ਼ ਕਰ ਦੇ
ਆਉਣ ਵਾਲਾ ਰਸਤਾ ਸਾਫ਼ ਕਰ ਦੇ
ਤੇਰੇ ਹੱਥ ਜਿਵਾਲਣਾ ਜਾਂ ਮਾਰਨਾ ਏ ਸੱਜਣਾ
ਜਿੱਤ ਦੀ ਨਾ ਇੱਛਾ ਕੋਈ ਰਹੀ ਸਾਡੇ ਮਨ ਵਿਚ
ਤੇਰੇ ਅੱਗੇ ਵਾਰ ਵਾਰ ਹਾਰਨਾ ਏ ਸੱਜਣਾ

ਸੋਚਾਂ ਸਭ ਚੂਰ ਹੋਈਆਂ ਮਿੱਧੇ ਗਏ ਚਾਅ ਸਾਰੇ
ਟੁੱਟ ਗਏ ਤੜੱਕ ਕਰ ਕੀਮਤੀ ਜੀ ਸਾਹ ਸਾਰੇ
ਤੇਰੇ ਬਾਝ ਜ਼ਿੰਦਗੀ ਦਾ ਪਰਦਾ ਕਿੰਨੇ ਕੱਜਣਾ
ਜਿੱਤ ਦੀ ਨਾ ਇੱਛਾ ਕੋਈ ਰਹੀ ਸਾਡੇ ਮਨ ਵਿੱਚ
ਤੇਰੇ ਅੱਗੇ ਵਾਰ ਵਾਰ ਹਾਰਨਾ ਏ ਸੱਜਣਾ

ਤੂੰ ਹੀ ਸੱਚਾ ਅਸੀਂ ਕੱਚੇ ਬੱਚੇ ਤੇਰੇ ਪਿਆਰ ਵਿੱਚ
ਸਮਝ ਨਾ ਪਾਏ ਜੋ ਸੀ ਤੇਰੇ ਉੱਚੇ ਮਿਆਰ ਵਿੱਚ
ਤਾਰਨਾ ਤੇ ਤਾਰ ਦੇ ਮਾਰਨਾ ਏ ਮਾਰ ਦੇ
ਤੇਰੇ ਦਰ ਬਾਝੋਂ ਵੀ ਤਾਂ ਦਰ ਦਰ ਵੱਜਣਾ
ਜਿੱਤ ਦੀ ਨਾ ਇੱਛਾ ਕੋਈ ਰਹੀ ਸਾਡੇ ਮਨ ਵਿੱਚ
ਤੇਰੇ ਅੱਗੇ ਵਾਰ ਵਾਰ ਹਾਰਨਾ ਏ ਸੱਜਣਾ



ਉਂਕਾਰ ਸਿੰਘ
ਐੱਮ. ਏ. ਪੰਜਾਬੀ

# ਸਫ਼ਰ ਦਾ ਆਰੰਭ




ਨਵਜੋਤ ਕੌਰ
ਬੀ. ਪੀ. ਟੀ.
ਦੂਜਾ ਸਾਲ



# ਨਾਗ ਬਿਰਹੋਂ

ਓਹਦੀ ਸੂਰਤ, ਸੀਰਤ, ਲਿਬਾਸ ਤੇ ਸੁਹੱਪਣ,

ਮੇਰੇ ਦਿਲ-ਓ-ਦਿਮਾਗ ਵਿੱਚ ਵੱਸ ਗਏ ਨੇ।

ਓਹਦੇ ਤੀਰ ਨੈਣਾਂ ਦੇ ਕਾਫਿਰ ਨੇ ਜੋ,

ਮੇਰੇ ਤੇ ਇਸ਼ਕ ਸ਼ਿਕੰਜਾ ਕੱਸ ਗਏ ਨੇ।

ਅਸਾਂ ਵੱਲ ਜੋ ਤੱਕਿਆ ਸੱਜਣਾਂ ਨੇ,

ਫੇਰ ਮਿੰਨਾ ਜਿਹਾ ਹੀ ਹੱਸ ਪਏ ਨੇ।

ਆਪਣੀ ਮੁਹੱਬਤ ਮੇਰੇ ਅੰਦਰ ਭਰ ਕੇ,

ਮੇਰੀ ਮੁਹੱਬਤ ਦਾ ਕੱਢ ਓ ਰਸ ਗਏ ਨੇ।

ਰੂਪ ਓਸ ਦਾ ਪਰੀਆਂ ਤੋਂ ਵੱਧ ਕੇ,

ਚੜਦੇ ਜੋਬਨ ਓਹਦੇ ਲਸ-ਲਸ ਪਏ ਨੇ।

ਇਕ ਓਹੀ ਹੈ ਜੋ ਦਿਲ ਵਿੱਚ ਵੱਸਿਆ,

ਨਾ ਦਿਲ ਦੇ ਵਿੱਚ ਘੜਮੱਸ ਪਏ ਨੇ।

ਓਹਦੇ ਕੇਸਾਂ ਦੇ ਜੋ ਡੰਗ ਜਹਿਰੀਲੇ,

ਮੇਰੀ ਰੂਹ ਨੂੰ ਆ ਕੇ ਡੱਸ ਗਏ ਨੇ।

ਓਹਦੀ ਅਪਣੱਤ ਨੇ ਮੈਨੂੰ ਕੀਤਾ ਓਸਦਾ,

ਮੂੰਹੋਂ ਆਪ ਹੀ ਆ ਕੇ ਦੱਸ ਗਏ ਨੇ।

ਹਿਜ਼ਰ ਦੀ ਪੀੜਾ ਦੂਰ ਹੋਈ ਏ,

ਨਾਗ ਬਿਰਹੋਂ ਦੇ ਹੁਣ ਨੱਸ ਗਏ ਨੇ।

ਚਾਹ ਕੇ ਵੀ ਕਦੇ ਨਾ ਹੋਵੇ ਨਿਕਲਣ,

ਇਸ ਦਲ-ਦਲ ਅੰਦਰ ਜੋ ਧੱਸ ਗਏ ਨੇ।

**ਸਤਨਾਮ ਸਿੰਘ ਵੇਰਕਾ**

**ਐਮ. ਏ. ਪੰਜਾਬੀ**

**ਪਹਿਲਾ ਸਾਲ**



# ਚੰਗਾ ਨਹੀਂ

ਬਹੁਤਾ ਚੰਗਾ ਹੋਣਾ,ਬਹੁਤਾ ਚੰਗਾ ਨਹੀਂ।

ਹਰੇਕ ਦਿੱਸਣ ਵਾਲ਼ਾ,ਇੱਥੇ ਚੰਗਾ ਨਹੀਂ।

ਸਾਡੀਆਂ ਅੱਖਾਂ ਖੁੱਲ੍ਹੀਆਂ 'ਤੇ,ਜੋ ਚੰਗਾ ਹੈ,

ਜੇਕਰ ਮੀਟੀਏ ਤਾਂ,ਉਹ ਵੀ ਚੰਗਾ ਨਹੀਂ।

ਏਹ ਮੇਰੇ ਅੱਗੇ ਖੜ੍ਹ ਕੇ,ਬਣਦੈ ਚੰਗਾ ਜੋ,

ਪਿੱਠ ਪਿੱਛੇ ਖੜ੍ਹੇ ਤਾਂ,ਉਹਵੀ ਚੰਗਾ ਨਹੀਂ।

ਦੁਨੀਆਂ ਨੇ ਦਸਤੂਰ,ਇਹ ਬਣਾਇਆ ਏ,

ਮੌਤ ਤੋਂ ਪਹਿਲੇ ਤੱਕ,ਕੋਈ ਵੀ ਚੰਗਾ ਨਹੀਂ।

ਜਿਹੜਾ ਹਿਸਾਬ ਲਾਉਣ,ਸਾਡੇ ਕਰਮਾਂ ਦਾ,

ਚੰਗਾ ਕਹਿਣ ਵਾਲ਼ਾ,ਬੰਦਾ ਵੀ ਚੰਗਾ ਨਹੀਂ।

ਜੇ ਤੇਰੇ ਵੱਲ ਨੂੰ ਮੂੰਹ ਕਰਾਂ,ਤਾਂ ਸਭ ਚੰਗੇ ਨੇ,

ਜੇ ਅੱਖੋਂ ਓਹਲੇ ਹੋਏਂ,ਲੱਗੇ ਕੁਝ ਚੰਗਾ ਨਹੀਂ।

ਮੈਂ ਸੋਚਿਆ ਸੀ 'ਸਾਹਿਬ' ਇਸ਼ਕ ਚੰਗਾ ਏ,

ਪਰ ਅੰਨਾ ਇਸ਼ਕ ਵੀ,ਬਹੁਤਾ ਚੰਗਾ ਨਹੀਂ।

ਸਾਹਿਬਜੀਤ ਸਿੰਘ

ਐਮ. ਏ. ਪੰਜਾਬੀ

ਪਹਿਲਾ ਸਾਲ



# ਰੁਬਾਈ

ਪੁਰ ਨੂਰ ਚੇਹਰਾ ਤੇ ਵੇਖਣ,

ਸਵੱਲੀਆਂ ਨਿਗਾਹਾਂ ਸਾਨੂੰ।

ਕਿਤੇ ਗਲਵੱਕੜੀ 'ਚ ਲੈ ਲੈਣ,

ਪਿਆਰੇ ਦੀਆਂ ਬਾਹਾਂ ਸਾਨੂੰ।

ਆਵੇ ਰੂਹਾਂ ਤੇ ਸਾਹਾਂ ਵਿੱਚੋਂ,

ਇਲਾਚੀਆਂ ਦੀ ਮਹਿਕ ਜਿਹੀ।

ਸ਼ਾਲਾ ਸੱਜਣ ਦੀ ਸਾਹ ਛੋਹ ਕੇ,

ਆਵਣ ਜੀ ਸਾਹਾਂ ਸਾਨੂੰ।

**ਸਤਿੰਦਰ ਕੌਰ**

**ਬੀ. ਏ. ਦੂਜਾ ਸਾਲ**



# ਤੇਰੇ ਪੈਰਾਂ ਵਰਗੀ

ਤੂੰ ਹੱਸੇ ਤਾਂ ਹੱਸਾਂ ਮੈਂ,

ਤੂੰ ਰੋਵੇਂ ਤਾਂ ਰੋਵਾਂ।

ਦੁਨੀਆਂ ਮੇਰੇ ਵਰਗੀ ਵਾਧੂ,

ਮੈਂ ਤੇਰੇ ਪੈਰਾਂ ਵਰਗੀ ਹੋਵਾਂ।

ਕੁਝ ਨੀ ਉਦਾਂ ਮੇਰੇ ਵੱਸ ਦਾ,

ਬਸ ਮੈਂ ਤੇਰੇ ਵੱਸ ਹੋਵਾਂ।

ਬਣ ਜਾਵਾਂ ਜੇ ਪਾਣੀ ਵਰਗੀ,

ਤੇਰੇ ਪੈਰਾਂ ਕੋਲ ਖਲੋਵਾਂ।

ਬਣ ਜਾਵਾਂ ਜੇ ਪੱਗ ਮੈਂ ਤੇਰੀ,

ਤੇਰੇ ਸਿਰ ਦਾ ਤਾਜ ਮੈਂ ਹੋਵਾਂ।

ਤੂੰ ਸੂਰਜ ਤੇ ਧੁੱਪ ਮੈਂ ਹੋਵਾਂ,

ਜੇ ਤੂੰ ਹੋਵੇਂ ਤਾਂ ਹੋਵਾਂ।

ਕਿਤਾਬ ਹੋਵਾਂ ਜੇ ਤੇਰੇ ਹੱਥ ਦੀ,

ਤੈਨੂੰ ਛੂਹ  ਕੇ ਪਾਕ ਮੈਂ ਹੋਵਾਂ।

ਜੇ ਹੋਵਾਂ ਮੈਂ ਤੰਦ ਤੇ ਸੂਈ,

ਤੇਰੇ ਦੁੱਖ ਮੈਂ ਨਿੱਤ ਪਰੋਵਾਂ।

**ਇਸ਼ੀਕਾ**

**ਐੱਮ. ਏ. ਪੰਜਾਬੀ**



# ਚਾਰੇ ਕੂੰਡ

ਮੈਂ ਗੁਰਦੁਆਰਿਆਂ ਵਿਚ ਸੁਪਨੇ ਪਾਲ ਕੇ ਵੇਖੇ ਨੇ
ਪੀਰਾਂ ਦੀਆਂ ਮਜ਼ਾਰਾਂ 'ਤੇ ਦੀਵੇ ਬਾਲ਼ ਕੇ ਵੇਖੇ ਨੇ।

ਕਦੇ ਨੀ ਮਿਲਦਾ ਜੋ ਲੇਖਾਂ ਵਿਚ ਲਿਖਿਆ ਨਾ
ਮੈਂ ਮੰਦਰਾਂ ਦੇ ਵਿਚ ਪੱਥਰ ਵੀ ਢਾਲ ਕੇ ਵੇਖੇ ਨੇ।

ਗਿਰਜਿਆਂ ਵਿਚ ਟੰਗੀ ਸਲੀਪ ਕਦੇ ਸੁਣਦੀ ਨਾ
ਲੱਗ ਬੁੱਧ ਦੇ ਪਿੱਛੇ ਆਪਣੇ ਵੀ ਟਾਲ ਕੇ ਵੇਖੇ ਨੇ।

ਲੱਖ ਰਗੜੀ ਜਾਵੋ ਮੱਥੇ ਉਹ ਇੰਞ ਰੀਝਦਾ ਨਾ
ਕੋਹਾਂ ਤੱਕ ਵੀ ਮੈਂ ਆਪਣੇ ਪੈਰ ਗਾਲ਼ ਕੇ ਵੇਖੇ ਨੇ।

ਜੋ ਦਿਲੀ ਤਮੰਨਾ ਸ਼ਾਇਰ ਦੀ ਓ ਪੂਰੀ ਹੋਈ ਨਾ
ਵਿਚ ਸਮਾਧੀਆਂ ਦਿਨ ਰਾਤ ਘਾਲ ਕੇ ਵੇਖੇ ਨੇ।

ਮੁਹੱਬਤ ਛੱਡ ਬਿਨ ਲਿਖੇ ਰੱਬ ਵੀ ਮਿਲਦਾ ਨਾ
ਭਾਵੇਂ ਪ੍ਰੀਤਾ ਤੂੰ ਚਾਰੇ ਕੂੰਡ ਵੀ ਭਾਲ ਕੇ ਵੇਖੇ ਨੇ।



ਪ੍ਰੀਤ ਸਿੰਘ ਭੈਣੀ
ਐੱਮ. ਏ. ਪੰਜਾਬੀ.

# ਮੁਹੱਬਤ ਤੱਕ ਦਾ ਸਫ਼ਰ

ਸੱਜਣ ਅੱਜਕੱਲ੍ਹ ਹੱਸਣਾ ਭੁੱਲ ਗਿਆ,
ਮੈਨੂੰ ਲੱਗਦਾ ਦੱਸਣਾ ਭੁੱਲ ਗਿਆ।

ਮੈਂ ਗੁਲਾਬਾਂ ਨਾਲ ਸ਼ਰਤਾਂ ਲਾਈ ਬੈਠੀਂ,
ਉਹ ਕਮਲਾ ਤਾਂ ਰੱਸਣਾ ਭੁੱਲ ਗਿਆ।

ਸ਼ਹਿਦ ਤੋਂ ਮਿੱਠਾ ਜ਼ਹਿਰ ਹੈ ਓਹਦਾ,
ਜ਼ਹਿਰ ਵੀ ਹੁਣ ਡੱਸਣਾ ਭੁੱਲ ਗਿਆ।

ਬੈਠਾ ਕਣ ਕਣ ਵਿਚ ਨਜ਼ਰੀਂ ਆਵੇ,
ਪਰ ਨਜ਼ਰਾਂ ਵਿਚ ਵੱਸਣਾ ਭੁੱਲ ਗਿਆ।

ਇਕ ਘੂਰ ਨਾਲ ਕਤਲ ਹੀ ਕਰਦੇ
ਕਤਲ ਤਾਂ ਛੱਡ ਤੀਰ ਕੱਸਣਾ ਭੁੱਲ ਗਿਆ।

ਉਂਝ ਮੇਰੇ ਤੋਂ ਮੁਹੱਬਤ ਤੱਕ ਦਾ ਸਫ਼ਰ ਸੀ
ਪਰ ਮੁਹੱਬਤ ਵਿਚ ਹੀ ਧੱਸਣਾ ਭੁੱਲ ਗਿਆ।



ਮਾਨਵੀ ਸ਼ਰਮਾ
ਬੀ. ਐਸ. ਸੀ. ਮੈਡੀਕਲ
ਤੀਜਾ ਸਾਲ

# ਮਿਹਰਬਾਨੀ

ਜਾਣਦੇ ਸੀ ਸਾਨੂੰ ਰੂਹ ਤੱਕ

ਅੱਜ ਅਨਜਾਣ ਹੋ ਗਏ ਨੇ

ਜੋ ਸਵਰਗਾਂ ਦੇ ਮੰਜ਼ਰ ਸੀ

ਅੱਜ ਸਮਸ਼ਾਨ ਹੋ ਗਏ ਨੇ

ਫਿਕਰਾਂ ਕਰਦੇ ਸੀ ਦਿਨ ਰਾਤ

ਅੱਜ ਬੇਪਰਵਾਹ ਹੋ ਗਏ ਨੇ

ਪਿਆਰ ਕਰਨਾ ਸਿਖਾ ਕੇ ਸਾਨੂੰ

ਜਾਣੇ ਕਿਵੇਂ ਨਾਦਾਨ ਹੋ ਗਏ ਨੇ

ਇਕੱਠਿਆਂ ਜੀਉਣ ਦੇ ਵਾਅਦੇ ਕੀਤੇ


ਅੱਜ ਓਹ ਬੇਈਮਾਨ ਹੋ ਗਏ ਨੇ

ਸਾਨੂੰ ਇਕੱਲਿਆ ਛੱਡ ਕੇ ਸੱਜਣ

ਹੋਰਾਂ ਤੇ ਮਿਹਰਬਾਨ ਹੋ ਗਏ ਨੇ

**ਅਰਚਿਤ ਪਾਂਡੇ**

**ਬੀ. ਏ.**



# ਗ਼ਜ਼ਲ

ਬੁੱਝੇ ਨੇ ਖ਼ਿਆਲ ਵਿੱਚ ਮਨ ਦੇ ਹਨੇਰਾ ਏ।

ਟੁੱਟੇ ਹੋਏ ਆਸ਼ਕਾਂ 'ਚ ਇਕ ਦਿਲ ਮੇਰਾ ਏ।

ਅੱਲੇ ਮੇਰੇ ਜ਼ਖ਼ਮਾਂ ਨੂੰ ਮਲ੍ਹਮ ਲਾਉਣ ਕੌਣ ਆਵੇ?

ਫੱਟਾਂ ਨੂੰ ਵੀ ਲਾਵੇ ਟਾਂਕੇ ਐਡਾ ਕੀਹਦਾ ਜੇਰਾ ਏ।

ਆਸ਼ਕ ਹਾਂ ਇਸ਼ਕ 'ਚ ਮਕਬੂਲ ਚਾਹੇ ਨਾ ਵੀ ਹੋਵਾਂ,

ਮਿਰਜ਼ੇ ਦੇ ਤੀਰਾਂ ਉਤੇ ਰਾਂਝੇ ਦੀ ਵੰਝਲੀ ਤੇ ਲੱਗਾ ਮੇਰਾ ਡੇਰਾ ਏ।

ਆਬਰੂ ਗੁਆਚ ਜਾਵੇ ਸ਼ਾਲਾ ਮੇਰੀ ਹੀਰ ਪਿਛੇ,

ਸ਼ਹਿਬਾਜ ਉਹਦਾ ਹੱਸਣਾ ਸਕੂਨ ਲਈ ਬਥੇਰਾ ਏ।

**ਸਹਿਬਾਜਦੀਪ ਸਿੰਘ ਗੁਲਸ਼ਨ**

**ਐੱਮ. ਏ. ਪੰਜਾਬੀ**



# ਰੁੱਖ ਵੀ ਘਰ ਹੈ





ਦਮਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ

# ਦੱਸ ਸਾਡਾ ਕਸੂਰ ਕੀ ਏ

ਜਿਥੇ ਤੂੰ ਤੇ ਮੈਂ ਆਂ ਪਰ ਅਸੀਂ ਦੋਵੇਂ ਨਹੀਂ

ਜੇ ਅਸੀਂ ਦੋਵੇਂ ਹੋਈਏ ਦੱਸ ਦੂਰ ਕੀ ਏ

ਸਾਡੇ ਸੁਭਾਅ ਵੀ ਮਿਲਦੇ ਨੇ ਤੇ ਖਿਆਲ ਵੀ

ਦੱਸ ਦੋ ਚੰਦਰੇ ਦਿਲਾਂ ਦਾ ਕਸੂਰ ਕੀ ਏ

ਜੇ ਸਾਨੂੰ ਇਕ ਦੂਜੇ ਸਾਥ ਤੇ ਨਿੱਭ ਜਾਵੇ ਫਿਰ

ਫਿਰ ਸਾਨੂੰ ਦੋਹਾਂ ਆਪਣੇ ਆਪ ਤੇ ਗਰੂਰ ਕੀ ਏ

ਜੇ ਇਸ਼ਕ ਸਿਰ ਚੜ ਸਾਡੇ ਨੱਚਿਆ ਨਾ

ਫਿਰ ਤਾਂ ਚੜਿਆ ਸਾਨੂੰ ਸਰੂਰ ਕੀ ਏ

ਜੇ ਵਿਲਕਦੇ ਦੋ ਦਿਲ ਮਿਲ ਜਾਣ

ਤਾਂ ਹੋਰ ਦਸ ਤੈਨੂੰ ਮਨਜ਼ੂਰ ਕੀ ਏ



ਸ਼ੇਰਾ ਸਿੰਘ

ਐੱਮ. ਏ. ਮਿਊਜ਼ਕ

# ਤੂੰ ਤੇ ਰੰਗ

ਜਦ ਕਾਲਾ ਸੂਟ ਪਾਵੇਂ ਨੀਂ

ਤੂੰ ਕਹਿਰ ਲੱਗਦੀ

ਜਦ ਚਿੱਟਾ ਰੰਗ ਪਾਵੇਂ

ਸਿਖ਼ਰ ਦੁਪਿਹਰ ਲੱਗਦੀ

ਸਤਰੰਗੀ ਪੀਂਘ ਲੱਗੇ ਤੂੰ

ਰੰਗਦਾਰ ਸੂਟਾਂ ਨਾਲ

ਪਾਵੇ ਜਦ ਤੂੰ ਗੁਲਾਬੀ

ਜੈਪੁਰ ਸ਼ਹਿਰ ਲੱਗਦੀ

ਹਰੇ ਰੰਗ ਨਾਲ ਲੱਗੇ

ਜੰਗਲ ਐਮਾਜ਼ੋਨ ਦਾ

ਨੀਲਾ ਪਾਵੇ ਤਾਂ ਨੀਲੀ

ਜਿਹੀ ਨਹਿਰ ਲੱਗਦੀ

ਤੇਰੀ ਐਸੀ ਕੋਈ ਅਦਾ ਨਾ

ਜੋ ਸਾਡੇ ਹੱਡੀ ਰਚੇ ਨਾ

ਅੜੀਏ ਰੰਗਾਂ ਦੀ ਕੀ ਮਜਾਲ

ਤੂੰ ਪਾਵੇ ਤੇ ਜਚੇ ਨਾ



ਸੁਖਬੀਰ ਸੋਨਾ
ਐੱਮ. ਏ. ਪੰਜਾਬੀ

# ਗੱਲਾਂ ਚਾਹੇ ਦੋ ਕਰ

ਗੱਲਾਂ ਚਾਹੇ ਦੋ ਕਰ,

ਪਰ ਜੋ ਪਿਆਰ ਦੀਆਂ,

ਉਹ ਕਰ।

ਕੀ ਰੱਖਿਆ ਇਹਨਾਂ ਲੜਾਈਆਂ ਚ,

ਪਿਆਰ ਦਾ ਜਿੰਨਾ ਕਰ ਸਕੇ,

ਓਨਾਂ ਮੋਹ ਕਰ।

ਕਿਉਂ ਬੋਲੇ ਕੌੜਾ ਮੇਰੇ ਨਾਲ,

ਕਦੀ ਮਿੱਠੀ ਇਸ਼ਕੇ,

ਤੂੰ ਰੂਹ ਕਰ।

ਚੱਲ ਛੱਡ ਅੱਜ ਤੋ ਅਸੀਂ ਤੇਰੇ ਹਾ,

ਤੈਨੂੰ ਜੋ ਚੰਗਾ ਲੱਗੇ,

ਤੂੰ ਉਹ ਕਰ।

ਗੱਲਾਂ ਚਾਹੇ ਦੋ ਕਰ।



ਮੇਜਰ ਸਿੰਘ

ਬੀ. ਏ. ਦੂਜਾ ਸਾਲ

# ਮਹਿੰਗੀ ਮੰਗ

ਨੀ ਮਾਏਂ, ਜੇ ਆਪਣੀ ਝੋਲੀ ਮੇਰੀ ਕਰਦੇਂ,

ਦੁੱਖ ਸਾਰੇ ਤੂੰ ਮੇਰੇ ਸਾਹਵੇਂ ਢੇਰੀ ਕਰਦੇਂ।

ਕੀ-ਕੀ ਤੇਰੇ ਕੋਲ ਹੈ ਆਇਆ,

ਚਰਚਾ ਇਹਦੀ ਜੇ ਇੱਕ ਵੇਰੀਂ ਕਰਦੇਂ।

ਸਾਡੇ ਦਰਦਾਂ ਦੇ ਕੱਢੇ ਕਿੰਝ ਹਾੜੇ ਤੂੰ,

ਚੁੱਪ ਦੇ ਅੱਗੇ ਸੁਪਨੇ ਕਿੰਝ ਸਾੜੇ ਤੂੰ।

ਮੇਰੇ ਨਾਂਵੇਂ ਗ਼ਮਾਂ ਦੀ ਉਹ ਹਨੇਰੀ ਕਰਦੇਂ,

ਨੀ ਮਾਏਂ, ਜੇ ਆਪਣੀ..................।

ਰੁਲੀਆਂ ਰੀਝਾਂ ਨੂੰ ਕਿਸ ਖੂੰਝੇ ਲਾਉਂਦੀ ਏ,

ਦਿਲੀ ਤਰੀਝਾਂ ਨੂੰ ਕਿਉਂ ਭੁੰਜੇ ਪਾਉਂਨੀ ਏ।

ਕਰਮਾਂ ਦੇ ਨਾਂ ਇੱਕ ਹੇਰਾ-ਫੇਰੀ ਕਰਦੇਂ,

ਨੀ ਮਾਏਂ, ਜੇ ਆਪਣੀ..................।

ਮੰਗਦੀ ਆਂ ਨਾਤਾ, ਤੇਰਾ ਸਬਰ ਦੇ ਨਾਲ ਜੋ,

ਉਹ ਵੇਲ੍ਹਾ ਦੇਦੇ, ਤੈਨੂੰ ਕਰੇ ਹਾਲੋਂ ਬੇਹਾਲ ਜੋ।

ਰੌਸ਼ਨ ਮਨ ਆਪਣੇ ਦੀ ਚਾਰ-ਚੁਫੇਰੀ ਕਰਦੇ,

ਨੀ ਮਾਏਂ, ਜੇ ਆਪਣੀ.......................।

**ਦਲਜੀਤ ਕੌਰ**

**ਬੀ. ਏ. ਦੂਜਾ ਸਾਲ**



# ਇਹ ਹੋ ਸਕਦਾ

ਗੱਲ ਕਰਾਂ ਤੇ ਤੇਰਾ ਜ਼ਿਕਰ ਨਾ ਹੋਵੇ, ਇਹ ਹੋ ਸਕਦਾ?

ਅੱਖਾਂ ਮੀਟਾਂ ਤੇ ਤੇਰਾ ਦੀਦਾਰ ਨਾ ਹੋਵੇ, ਇਹ ਹੋ ਸਕਦਾ?

ਮੈਂ ਅੱਖਰ ਲਿਖਾਂ ਤੇ ਤੇਰਾ ਨਾਮ ਨਾ ਹੋਵੇ, ਇਹ ਹੋ ਸਕਦਾ?

ਮੈਂ ਮੱਥਾ ਟੇਕਾਂ ਤੇ ਤੇਰੀ ਖ਼ੈਰ ਨਾ ਮੰਗਾਂ, ਇਹ ਹੋ ਸਕਦਾ?

ਤੂੰ ਦੂਰ ਹੋਵੇ ਤੇ ਤੇਰੀ ਫ਼ਿਕਰ ਨਾ ਹੋਵੇ, ਇਹ ਹੋ ਸਕਦਾ?

ਗੱਲ ਕਰਾਂ ਤੇ ਤੇਰਾ ਜ਼ਿਕਰ ਨਾ ਹੋਵੇ, ਇਹ ਹੋ ਸਕਦਾ?

ਰੀਆ ਸ਼ਰਮਾ

ਬੀ. ਪੀ. ਟੀ. ਤੀਜਾ ਸਾਲ



# ਮੇਰੀ ਜ਼ੁਬਾਨ

ਮੇਰੀ ਜ਼ੁਬਾਨ, ਖੋਲ੍ਹ ਕੇ ਕਿਉਂ ਦੱਸਾਂ ?

ਤੂੰ ਤੇ ਸੱਜਣਾਂ ਅੱਖਾਂ ਪੜ੍ਹਨੀਆਂ ਜਾਣਦਾ ਏ,

ਫਿਰ ਤੈਨੂੰ ਦੁੱਖ ਬੋਲ ਕੇ ਕਿਉਂ ਦੱਸਾਂ ?

ਮੇਰੀ ਹਰ ਗੱਲ ਤੈਨੂੰ ਝੂਠੀ ਲੱਗਦੀ,

ਤੂੰ ਸਭ ਕੁੱਝ ਤਾਂ ਜਾਣਦਾ ਏ,

ਫਿਰ ਤੈਨੂੰ ਸਭ ਮੈਂ ਕਿਉਂ ਦੱਸਾਂ ?

ਮੈਨੂੰ ਛੱਡ ਕੇ ਤੂੰ ਤੇ ਖੁੱਸ਼ ਐ,

ਮੇਰਾ ਕੀ ?

ਮੈਂ ਚੁੱਪ ਹੀ ਰਹਿੰਦੀ,

ਮੈਂ ਹੁਣ ਕਿਉਂ ਹੱਸਾਂ ?

ਤੂੰ ਤੇ ਸਭ ਕੁੱਝ ਜਾਣਦਾ ਏ ਨਾ,

ਫਿਰ ਤੈਨੂੰ ਦੁੱਖ ਬੋਲ ਕੇ ਕਿਉਂ ਦੱਸਾਂ ?



ਹਰਪ੍ਰੀਤ ਕੌਰ ਸਾਕਸ਼ੀ

ਬੀ. ਏ. ਦੂਜਾ ਸਾਲ

# ਬਚਪਨ

ਕਿੰਨਾ ਖੁਸ਼ਹਾਲ ਸੀ

ਪੜ੍ਹਾਈ ਤੋਂ ਬਿਨਾਂ ਨਾ ਜਿੰਦਗੀ ਚ ਕੋਈ ਕੰਮ-ਕਾਰ ਸੀ

ਹਰ ਵੇਲੇ ਬਸ ਖੇਡਣੇ ਦਾ ਹੀ ਚਾਅ ਸੀ

ਸਾਰਾ ਦਿਨ ਮਸਤੀ ਕਰ

ਰਾਤ ਆਰਾਮ ਦੀ ਨੀਂਦ ਸੌਂਦੇ ਸੀ

ਤੇ ਫਿਰ ਸਵੇਰੇ ਉੱਠ ਬਿਸਤਰੇ ਚ ਹੀ

ਚਾਹ ਪੀਆ ਕਰਦੇ ਸੀ

ਰੋਟੀ ਖਾਣ ਵੇਲੇ ਕਈ ਪਾਖੰਡ ਕਰਦੇ ਸੀ

ਬੀਮਾਰ ਹੋਣ ਤੇ

ਨਵੀਆਂ -ਨਵੀਆਂ ਮੰਗਾਂ ਕਰਿਆ ਕਰਦੇ ਸੀ

ਬੱਚੇ ਜਿਹੇ ਹਰ ਕਿਸੇ ਨੂੰ ਪਿਆਰੇ ਲਗਦੇ ਸੀ

ਸਭ ਲਾਡ -ਲਡਾਇਆ ਕਰਦੇ ਸੀ

ਸੋਹਣਾ ਸਮਾਂ ਸੀ ਉਹ

ਜਦ ਫਿਕਰਾਂ ਤੋਂ ਦੂਰ ਰਿਹਾ ਕਰਦੇ ਸੀ

ਹਰ ਵੇਲੇ ਬਸ ਹੱਸਿਆ ਕਰਦੇ ਸੀ।



ਪਵਨਦੀਪ ਕੌਰ

ਐੱਮ. ਏ. ਪੰਜਾਬੀ

# ਮੁਹੱਬਤ ਕਰੀਏ

ਚੱਲ ਮਿਲ ਕੇ ਮੁਹੱਬਤ ਕਰੀਏ ਨੀ

ਆਪਾਂ ਵੀ ਜੱਗ ਤੋਂ ਡਰੀਏ ਨੀ

ਕੱਲੇ ਬਹਿ ਕੇ ਦਿਲ ਜਿਹੇ ਖੋਲ ਲਈਏ

ਚੁੱਪ ਰਹਿ ਕੇ ਅੱਖਾਂ ਨਾਲ ਬੋਲ ਲਈਏ।

ਇੱਕ ਤੇਰਾ ਨਾਂ ਇੱਕ ਮੇਰਾ ਨਾਂ

ਚੱਲ ਲਿਖ ਦਈਏ ਇਹਨੂੰ ਇੱਕੋ ਥਾਂ

ਮੈਨੂੰ ਤੇਰੇ ਕੋਲੋਂ ਹੋਰ ਕੁਝ ਨਹੀਂ ਚਾਹੀਦਾ

ਮੇਰੀ ਜ਼ਿੰਦਗੀ ਤੂੰ ਬਣ ਮੇਰਾ ਸਾਹ।

ਚੱਲ ਤੂੰ ਵੀ ਅੱਜ ਮੇਰੀ ਹੋ ਜਾ ਨੀ

ਮੈ ਕਈ ਜਨਮਾਂ ਤੋਂ ਤੇਰਾ ਈ ਹਾਂ



ਜਸਕਰਨ ਸਿੰਘ

ਬੀ. ਐਸ. ਸੀ. ਫਜ਼ਿਕਸ

# ਸਿਧਾਰਥ





ਤਰਨ ਕੌਰ

ਬੀ. ਪੀ. ਟੀ.

ਦੂਜਾ ਸਾਲ

# ਕੋਈ ਚੰਗੀ ਬਾਤ ਨਾ ਤੇਰੀ ਐ

ਪੁੱਟ ਲੈਂਦੇ ਜ਼ਿੰਦਗੀ ਦੀ ਲਾਂਘ ਸਾਨੂੰ
ਬੰਦਿਆ ਬੇਜ਼ੁਬਾਨੀ ਜਾਤ ਮੇਰੀ ਐ
ਕਿਉਂ ਵਰਤੇ ਵੰਗਾਰ ਵਾਂਗ ਸਾਨੂੰ
ਕੋਈ ਚੰਗੀ ਬਾਤ ਨਾ ਤੇਰੀ ਐ
ਕੋਈ ਚੰਗੀ ਬਾਤ ਨਾ ਤੇਰੀ ਐ

ਜੋ ਦਰਦ ਸਹਿਮ ਤੇ ਡਰ ਮਿਲਦਾ
ਸ਼ਾਇਰ ਸਾਨੂੰ ਤੇਜ਼ ਕਟਾਰਾਂ ਤੋਂ
ਜੇ ਮੰਗਣ ਤੋਂ ਕੋਈ ਵਰ ਮਿਲਦਾ
ਜਾਮਾ ਮਨੁੱਖੀ ਮੰਗਦਾ ਅੱਲ੍ਹਾ ਤੋਂ
ਤੇ ਪੁੱਛਦਾ ਇਕ ਸਵਾਲ ਤੇਰੇ ਤੋਂ
ਕਿਉਂ ਵਰਤੇ ਵੰਗਾਰ ਵਾਂਗ ਸਾਨੂੰ
ਕੋਈ ਚੰਗੀ ਬਾਤ ਨਾ ਤੇਰੀ ਐ
ਕੋਈ ਚੰਗੀ ਬਾਤ ਨਾ ਤੇਰੀ ਐ



ਲਵਜੀਤ ਸ਼ਰਮਾ
ਬੀ. ਵੋਕ. ਤੀਜਾ ਸਾਲ

# ਸੁਪਨੇ 'ਚ ਆਈ

ਜਿਸਨੂੰ ਲੁੱਕ- ਛਿਪ ਕੇ,

ਤਾਂ ਮੈਂ ਬਥੇਰਾ ਸੀ ਤੱਕਿਆ।

ਪਰ ਕੋਲ ਆਏ ਤੇ ਜਿਸਦੇ,

ਮੈਂ ਨੀਵੀਂ ਪਾਈ ਸੀ।

ਅੱਜ ਫੇਰ ਓਹੀ ਮੇਰੇ,

ਸੁਪਨੇ 'ਚ ਆਈ ਸੀ।

ਜਿਸ ਲਈ ਮੈਂ ਤਾਂ,

ਖਾਸ ਨਹੀਂ ਸੀ।

ਪਰ ਉਸਦੀ ਇੱਕ ਝਲਕ,

ਮੇਰੇ ਹਰ ਦੁੱਖ ਦੀ ਦਵਾਈ ਸੀ।

ਅੱਜ ਫੇਰ ਓਹੀ ਮੇਰੇ,

ਸੁਪਨੇ 'ਚ ਆਈ ਸੀ।

ਨਾਂ ਤਾਂ ਜਿਸਦਾ,

ਬਾਅਦ ਵਿੱਚ ਪਤਾ ਚੱਲਿਆ।

ਪਰ ਯਾਰ ਮੇਰੇ ਪਹਿਲੇ ਦਿਨ ਤੋਂ,

ਕਹਿੰਦੇ ਜਿਸਨੂੰ ਭਰਜਾਈ ਸੀ।

ਅੱਜ ਫੇਰ ਓਹੀ ਮੇਰੇ,

ਸੁਪਨੇ 'ਚ ਆਈ ਸੀ।

ਕੋਈ ਹੀਲਾ ਨਾ ਬਣਦਾ ਦੇਖ,

ਦਰਖ਼ਾਸਤ ਮੈਂ ਜਿਸਦੀ।

ਸਹੇਲੀ ਨੂੰ ਲਗਾਈ ਸੀ,

ਅੱਜ ਫੇਰ ਓਹੀ ਮੇਰੇ,

ਸੁਪਨੇ 'ਚ ਆਈ ਸੀ।

ਇਜ਼ਹਾਰ ਕਰਨ ਲੱਗਿਆਂ,

ਜਿਸ ਅੱਗੇ ਮੈਂ।

ਪੰਜਾਬੀ 'ਚ ਥੋੜ੍ਹੀ ਜਿਹੀ,

ਹਿੰਦੀ ਰਲਾਈ ਸੀ।

ਅੱਜ ਫੇਰ ਓਹੀ ਮੇਰੇ,

ਸੁਪਨੇ 'ਚ ਆਈ ਸੀ।



ਜਸ਼ਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ

# ਤੇਰੀਆਂ ਖ਼ੁਸ਼ੀਆਂ

ਕੱਲ ਦਾ ਮੈਂ ਉਸ ਬਾਰੇ ਹੀ ਸੋਚ ਰਿਹਾ ਸੀ ।

ਮੈਂ ਜਿਸਮਾਂ ਦੀ ਭੁੱਖ ਨਹੀਂ ਤਲਾਸ਼ਦਾ

ਮੈਂ ਤਲਾਸ਼ਦਾ ਆਂ ਇੱਕ ਸੱਚਾ ਯਾਰ ਸੋਹਣੀਏ

ਜੋ ਮੈਨੂੰ ਤੇਰੇ 'ਚ ਦਿਖਿਆ ਸੀ

ਤੇਰੇ 'ਚ ਦਿਖਿਆ ਸੀ

ਤੈਨੂੰ ਮਿਲ ਕੇ,

ਮੈਨੂੰ ਇਹ ਪਤਾ ਲੱਗ ਗਿਆ

ਕਿ ਇਸ ਦੁਨੀਆ 'ਚ

ਕੋਈ ਆਪਣਾ ਨਹੀਂ ਹੁੰਦਾ

ਤੇ ਉਹੀ ਆਪਣਾ ਪਣ ਮੈਂ

ਤੇਰੇ ਵਿੱਚ ਲੱਭਣ ਦੀ ਕੋਸ਼ਿਸ਼ ਕੀਤੀ ਸੀ।

ਤੇਰੇ ਵਿੱਚ ਲੱਭਣ ਦੀ ਕੋਸ਼ਿਸ਼ ਕੀਤੀ ਸੀ।



**ਗੁਰਨੂਰ ਸਿੰਘ ਗੋਰਾਇਆ**

**ਬੀ. ਵੋਕ. ਫੂਡ ਪਰੋਸੈਸ**

**ਦੂਜਾ ਸਾਲ**

# ਜੰਗਲੀ ਭੇੜੀਆ



ਨਵਜੋਤ ਕੌਰ ਨਾਇਡੂ

ਬੀ. ਏ.



# ਸਾਡੇ ਮੋਤੀ

ਜੋ ਜੋ ਤੈਥੋ ਸਿੱਖਿਆ ਏ।

ਨਿੱਕੀ ਬਹਿਰ 'ਚ ਲਿਖਿਆ ਏ।

ਸਾਡੇ ਮੋਤੀ ਕੱਖਾਂ ਦੇ ਭਾਅ,

ਤੇ ਕੱਖ ਲੱਖਾਂ ਦਾ ਵਿਕਿਆ ਏ।

ਹਰ ਵਾਰੀ ਤੇ ਸੱਚ ਨੀ ਹੁੰਦਾ,

ਏ ਜਿਸਨੇ ਜੋ ਵੀ ਲਿਖਿਆ ਏ।

ਕਾਲ਼ੀ ਦਾਲ਼ ਚ ਕਾਲ਼ਾ ਕਾਲ਼ਾ,

ਜੀ ਮੈਨੂੰ ਵੀ ਕੁਝ ਦਿਸਿਆ ਏ।

ਨਿੱਕੇ ਘਰ ਦੀ ਕੰਧ ਤੇ ਅੱਲਾ,

ਕਿਉਂ ਵੱਡਾ ਵੱਡਾ ਲਿਖਿਆ ਏ?



ਗੁਰਜਿੰਦਰ ਸ਼ਾਹ

ਐੱਮ. ਏ. ਪੰਜਾਬੀ

# ਵੰਡੀਆਂ

ਪੈਲ਼ੀਆਂ ਦੇ ਨਾਲ਼ ਥਾਵਾਂ ਵੰਡੀਆਂ।
ਮੱਝਾਂ ਤੇ ਨਾਲ਼ ਗਾਵਾਂ ਵੰਡੀਆਂ।

ਚੀਜ਼ਾਂ ਨੂੰ ਤੇ ਵੰਡਣਾਂ ਮੰਨਿਆਂ,
ਪਰ ਮੂਰਖਾਂ ਨੇ ਤਾਂ ਮਾਵਾਂ ਵੰਡੀਆਂ।

ਮੰਦਰ,ਮਸਜਿਦ ਤੇ ਗੁਰਦੁਆਰੇ,
ਮਜਲਿਸ ਦੀਆਂ ਜਗਾਵਾਂ ਵੰਡੀਆਂ।

ਦੌਲਤ ਨੇ ਐਸਾ ਅੰਨਿਆਂ ਕੀਤਾ,
ਆਪਣੀਆਂ ਹੀ ਸਾਹਵਾਂ ਵੰਡੀਆਂ।

ਛੰਨਾ ਤੇ ਥਾਲੀ ਵੰਡ ਦਿੱਤੇ ਨੇ,
ਨਾਲ਼ ਬੇਬੇ ਦੀਆਂ ਦੁਆਵਾਂ ਵੰਡੀਆਂ।

ਹੁਣ ਗੁਆਂਢੀ ਗਲੇਵਾਂ ਫੜ੍ਹ ਲੈਂਦਾ ਏ,
ਜਦੋ ਦੀਆਂ ਨੇ ਬਾਹਵਾਂ ਵੰਡੀਆਂ।

ਕੀ ਬਣੇਗਾ ਹੁਣ "ਬੈਂਕਾ" ਪਿਆ ਸੋਚਦਾ ਏ,
ਜਦੋਂ ਪੈ ਗਈਆ ਵਿੱਚ ਭਰਾਵਾਂ ਵੰਡੀਆਂ।

ਲਵਪ੍ਰੀਤ ਸਿੰਘ ਬੈਂਕਾ
ਬੇ.ਏ. (ਜੀ.ਟੀ.ਟੀ)
ਤੀਜਾ ਸਾਲ



# ਦਿਲ ਤੈਨੂੰ ਚੁਣਿਆ

ਮੇਰੇ ਦਿਲ ਤੈਨੂੰ ਚੁਣਿਆ,

ਹੋਰਾਂ ਦਰਵਾਜ਼ੇ ਬੰਦ ਨੇ ਕੀਤੇ।

ਅੱਖਾਂ ਉੱਪਰ ਤੇਰੇ ਨਾਮ ਦੀ ,

ਪੱਟੀ ਬੰਨ੍ਹ ਲਈ,

ਤੇ ਤੇਰੇ ਬਾਜੋਂ ਕੋਈ,

ਹੋਰ ਨਹੀ ਦਿੱਸਦਾ ਮੈਨੂੰ।

ਕੰਨਾਂ ਨੂੰ ਆਦੇਸ਼ ਦੇ ਦਿੱਤਾ,

ਤੇਰੀ ਗੱਲ ਤੋਂ ਇਲਾਵਾ,

ਹੋਰ ਕੁੱਝ ਨਹੀ ਸੁਣਨਾ।

ਤੇ ਸੋਚਾਂ ਦੀ ਵੀ ਹੁਣ,

ਤੂੰ ਲੱਗਦਾ ਫੜਕੇ ਰੱਖੀ ਏ,

ਕਿਉਂਕਿ ਤੇਰੇ ਬਾਰੇ ਹੀ ਸੋਚਦੇ,

ਇਸਤੋਂ ਵੱਧ ਇਸਨੂੰ ਤੁਰਨਾ,

ਭੁੱਲ ਚੁੱਕਾ ਹੈ।



ਮਨਦੀਪ ਸਿੰਘ

ਐੱਮ. ਏ. ਪੰਜਾਬੀ

# ਤੇਰੇ ਬਾਝ

ਹੋ ਗਿਆ ਰਵਾਨਾ

ਦੇਸ਼ ਮੱਲਿਆ ਬਿਗਾਨਾ

ਕਰ ਚੇਤਾ ਓ ਯਰਾਨਾ

ਜਿਹੜਾ ਭੋਲੇ ਭਾਅ ਲਾਇਆ ਸੀ

ਸੱਜਣਾ ਵੇ ਤੇਰੇ ਬਾਝ

ਜਾਣਦਾ ਨਹੀਂ ਕੋਈ ਰਾਜ਼

ਸਾਡੀ ਇੱਕੋ ਏ ਆਵਾਜ਼

ਕਿਉਂ ਨਾ ਚੇਤਾ ਸਾਡਾ ਆਇਆ ਈ

ਮਰਨ ਕਿਨਾਰੇ ਪਏ

ਗਲ ਵਿੱਚ ਗੂਠ ਲਏ

ਲੈ ਹਿਜ਼ਰਾਂ ਦੇ ਸਿਰਾਣੇ ਪਏ

ਦੱਸ ਏਨਾ ਕਾਹਤੋਂ ਤਾਇਆ ਈ

ਛਿਨ ਛਿਨ ਦਿਨ ਹੋਏ

ਸਾਹ ਤੇਰੇ ਬਿਨ ਮੋਏ

ਸਾਲ ਸਾਰੇ ਸਦੀ ਹੋਏ

ਇਹ ਸਮਾਂ ਕੇਹਾ ਆਇਆ ਈ

ਆਂਵਦੀ ਨਹੀਂ ਤੈਨੂੰ ਯਾਦ

ਸੁਣ ਦੁੱਖੜਾ ਜਾ ਸਾਡਾ ਨਾਦ

ਤੇਰੇ ਜਾਣ ਤੋਂ ਏ ਬਾਅਦ

ਨਾ ਸਵਾਦ ਕੋਈ ਆਇਆ ਈ

ਹੋ ਗਿਓਂ ਰਵਾਨਾ


ਦੇਸ਼ ਮੱਲਿਆ ਬਿਗਾਨਾ

ਕਰ ਚੇਤਾ ਓ ਯਰਾਨਾ

ਜਿਹੜਾ ਭੋਲੇ ਭਾਅ ਲਾਇਆ ਸੀ

ਉਂਕਾਰ ਸਿੰਘ

ਐੱਮ. ਏ. ਪੰਜਾਬੀ



# ਮੋੜ ਦੇ ਉੱਤੇ

ਜ਼ਿੰਦਗੀ ਵਿੱਚ ਰੁਕਾਵਟਾਂ ਪਈਆਂ,

ਜ਼ਿੰਦਗੀ ਦੇ ਹਰ ਮੋੜ ਦੇ ਉੱਤੇ।

ਸਬਰਾਂ ਦਾ ਬੰਨ ਟੁੱਟ ਨਾ ਜਾਵੇ,

ਮੈਂ ਖੜਾ ਵੇਖਦਾ ਮੋੜ ਦੇ ਉੱਤੇ।

ਰੱਖ ਭਰੋਸਾ ਤੁਰਿਆ ਚੱਲ ਤੂੰ,

ਖੌਰੇ ਰੱਬ ਟੱਕਰੇ ਮੋੜ ਦੇ ਉੱਤੇ।

ਕਿਸੇ ਗੈਰ ਵਿਗਾੜਿਆ ਕੀ ਮੇਰਾ,

ਮੇਰੇ ਆਪਣੇ ਵੈਰੀ ਮੋੜ ਮੋੜ ਦੇ ਉੱਤੇ।

ਰੋਟੀ ਲਈ ਤੁਰਿਆ ਫਿਰਨਾਂ ਵਾਂ,

ਖੌਰੇ ਮਿਲਜੇ ਅਗਲੇ ਮੋੜ ਦੇ ਉੱਤੇ।

ਜਿਸ ਥਾਂਈਂ ਪਹੁੰਚੇ ਸਿਦਕ ਜੇ ਆ ਜੇ,

ਅਜੇ ਪਹੁੰਚਿਆ ਨਾ ਓਸ ਮੋੜ ਦੇ ਉੱਤੇ।

ਰੱਬ ਦੁੱਖ ਦੇ ਕੇ ਅਜਮਾਉਂਦੈ ਮੈਨੂੰ,

ਅਜਮਾਉਂਦਾ ਐ ਹਰ ਮੋੜ ਦੇ ਉੱਤੇ।

ਗ਼ਰੀਬੀ, ਦੁੱਖ, ਬੀਮਾਰੀ ਟੱਕਰੇ,

ਕਿਰਤੀ ਦੇ ਹਰ ਮੋੜ ਦੇ ਉੱਤੇ।

ਇੱਕ ਗ਼ਰੀਬੀ ਨਾਲ ਬੇਰੁਜ਼ਗਾਰੀ,

ਸੱਜਣ ਵੀ ਬਦਲੇ ਓਸ ਮੋੜ ਦੇ ਉੱਤੇ।

**ਸਤਨਾਮ ਸਿੰਘ ਵੇਰਕਾ**

**ਐਮ. ਏ. ਪੰਜਾਬੀ**

**ਪਹਿਲਾ ਸਾਲ**



# ਅੱਖਾਂ ਨੂੰ

ਹੁਣ ਕਿਉਂ ਪਾਸੇ ਕਰਦੈਂ ਲੜੀਆਂ ਅੱਖਾਂ ਨੂੰ?

ਕਾਹਨੂੰ ਦੇ ਕੇ ਚੱਲਿਆ ਝੜੀਆਂ ਅੱਖਾਂ ਨੂੰ।

ਜਦ ਕਿਧਰੇ ਵੀ ਅੱਖੀਓਂ ਓਹਲੇ ਹੁੰਦਾ ਤੂੰ,

ਦਿੱਸਣ ਲੱਗਣ ਸੱਚੀਂਓ ਮੜੀਆਂ ਅੱਖਾਂ ਨੂੰ।

ਕਿੱਥੇ ਨੇ ਵਿਖਦੇ ਐਬ ਆਪਣੇ ਸੱਜਣਾ ਦੇ?

ਇਸ਼ਕੇ ਦੇ ਵਿੱਚ ਇਨ੍ਹਾਂ ਜੜੀਆਂ ਅੱਖਾਂ ਨੂੰ।

ਆਪਣੇ ਚੰਮ ਨੂੰ ਤੇਰੀ ਜੁੱਤੀ ਕਰਾਂ ਵੇ ਜੋਗੀ,

ਰਾਂਝਣ ਦਿਖਾ 'ਡੀਕ 'ਚ ਖੜੀਆਂ ਅੱਖਾਂ ਨੂੰ।

ਅਸਾਂ ਕੀ ਅੱਖੀਆਂ ਲਾਈਆਂ 'ਸਾਹਿਬ' ਵੇ?

ਏ ਗੱਲ ਰੜਕਦੀ ਦੇਖੀ ਬੜੀਆਂ ਅੱਖਾਂ ਨੂੰ।



ਸਾਹਿਬਜੀਤ ਸਿੰਘ

ਐਮ. ਏ. ਪੰਜਾਬੀ

ਪਹਿਲਾ ਸਾਲ

# ਸਾਨੂੰ ਭੁੱਲੀਆਂ ਨਹੀਂ

ਤੇਰੇ ਨਾਲ਼ ਮਿਲੀਆਂ ਨਿਗਾਹਾਂ,

ਸਾਨੂੰ ਭੁੱਲੀਆ ਨਹੀਂ।

ਤੇਰੇ ਸਾਹਾਂ ਨਾਲ,ਲਈਆਂ ਸਾਹਾਂ,

ਸਾਨੂੰ ਭੁੱਲੀਆ ਨਹੀਂ।

ਰੱਬ ਦੇ ਵਾਂਙੂ ਯਾਦ ਸਦਾ,

ਤੂੰ ਵੀ ਸਾਨੂੰ ਰਹਿੰਨਾ ਏ,

ਦੂਜੀਆਂ ਸ਼ਹਿਰ ਤੇਰੇ ਦੀਆਂ

ਰਾਹਾਂ ਸਾਨੂੰ ਭੁੱਲੀਆਂ ਨਹੀਂ।



**ਸਤਿੰਦਰ ਕੌਰ**

**ਬੀ. ਏ. ਦੂਜਾ ਸਾਲ**

# ਦਿਲ ਦਾ ਬੂਹਾ

ਕਿੰਨੀ ਉਮਰ ਗੁਜ਼ਰ ਗਈ ਮੇਰੀ,

ਤੇਰਾ ਇੰਤਜ਼ਾਰ ਕਰਦਿਆਂ,

ਨਾ ਦਿਨ ਦੇਖਿਆ ਨਾ ਰਾਤ ਮੈਂ,

ਪਿਆਰ ਦਾ ਇਜ਼ਹਾਰ ਕਰਦਿਆਂ,

ਇਹੀ ਜਖ਼ਮ ਬਸ ਜ਼ਰ ਲਵਾਂ!

ਜਾਂ ਹੋਰ ਸੱਟਾਂ ਖਾਵਾਂ?

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਮੈਂ ਨਾ ਸੋਚਿਆ ਸੀ ਕਦੇ,

ਤੂੰ ਇੰਝ ਮੇਰੇ ਤੋਂ ਵੱਖ ਹੋਵੇਗਾ,

ਜੋ ਸੀ ਅਣਮੁੱਲਾ ਲਾਲ ਰਤਨ,

ਅੱਜ ਤੇਰੇ ਲਈ ਕੱਖ ਹੋਵੇਗਾ,

ਕਿਸੇ ਹੋਰ ਥਾਂ ਰੱਬ ਨੂੰ ਲੱਭਾਂ!

ਜਾਂ ਅਜੇ ਤੇਰਾ ਨਾਮ ਧਿਆਵਾਂ?

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਤੂੰ ਜਾਣਦਾ ਏ, ਮੈਂ ਜਾਣਦਾ ਹਾਂ,

ਕਿ ਤੈਨੂੰ ਮੇਰੇ ਨਾਲ ਪਿਆਰ ਏ,

ਹੁਣ ਤੂੰ ਉਸ ਤੇ ਪਰਦੇ ਪਾ ਲਏ,

ਜੋ ਕਦੇ ਦਿਖਦਾ ਬੇਸ਼ੁਮਾਰ ਏ,

ਕਾਰਨ ਦੱਸਜਾ ਕੀ ਗਲਤੀ ਹੋ ਗਈ!

ਜੋ ਲਈਆਂ ਨਾ ਮੇਰੇ ਨਾਲ ਲਾਵਾਂ?

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਉਂਝ ਉਮੀਦ ਹੈ ਹੁਣ ਵੀ ਮੈਨੂੰ,

ਤੂੰ ਜਲਦ ਹੀ ਬੂਹਾ ਖੋਲੇਂਗਾ,

ਭੁੱਲ ਕੇ ਸਭ ਗਿਲੇ ਸ਼ਿਕਵੇ

ਮੈਨੂੰ ਮੁੜ ਤੋਂ ਪ੍ਰੀਤਮ ਬੋਲੇਂਗਾ,

ਮੁਆਫ ਵੀ ਕਰਦੇ ਜੋ ਗਲਤੀਆਂ ਹੋਈਆਂ

ਹੋਰ ਕਿੰਨੀਆਂ ਦੇਣੀਆਂ ਸਜਾਵਾਂ,

ਤੂੰ ਤਾਂ ਦਿਲ ਦਾ ਬੂਹਾ ਢੋ ਲਿਆ ਸੱਜਣਾ,

ਦੱਸ ਖੜਕਾਵਾਂ! ਜਾਂ ਮੁੜ ਜਾਵਾਂ?

ਪ੍ਰੀਤ ਸਿੰਘ ਭੈਣੀ

ਐੱਮ. ਏ. ਪੰਜਾਬੀ.




# ਇਸ਼ਕੇ ਇਬਾਦਤ

ਇਲਮ ਇਸ਼ਕ ਦਾ ਪੜ੍ਹਿਆ ਮੈਂ
ਜਜ਼ਬਾਤਾਂ ਨਾਲ ਲੜਿਆ ਮੈਂ
ਇਸ਼ਕ ਨਾਂ ਤੋ ਡਰ ਜਿਹਾ ਲਗਦਾ
ਜਾਣੇ ਕੀਹਦਾ ਪੱਲਾ ਫੜਿਆ ਮੈਂ

ਵਿਛੜੇ ਸਾਨੂੰ ਕਈ ਸਾਲ ਹੋਏ
ਵਿਗੜੇ ਸਾਡੇ ਹਾਲਾਤ ਹੋਏ
ਸਿੱਖਿਆ ਬਹੁਤ ਤੇਰੇ ਪਿਆਰ ਤੋ
ਤੇਰੀ ਯਾਦਾਂ ਬੁਨਿਆ ਜਾਲ ਹੋਏ

ਪਿਆਰ ਦੀ ਕੀਮਤ ਨਾ ਜਾਣ ਸਕੇ
ਸ਼ਾਇਦ ਮੈਨੂੰ ਨਾ ਪਹਿਚਾਣ ਸਕੇ
ਕਹਿੰਦੇ ਸੀ ਸਾਨੂੰ ਆਪਣਾ ਓਹ
ਪਰ ਆਪਣਾ ਓਹ ਨਾ ਮਾਨ ਸਕੇ



ਅਰਚਿਤ ਪਾਂਡੇ
ਬੀ. ਏ.

# ਜ਼ਰੂਰੀ

ਜ਼ਰੂਰੀ ਹੈ ਕਿ ਆਪਣਾ ਆਪ ਗੁਆ ਲੈਣਾ
ਆਪਣਾ ਆਪ ਗੁਆ ਕੇ ਫਿਰ ਕੁੱਝ ਪਾ ਲੈਣਾ।

ਬਿੰਦੇ ਬਿੰਦੇ ਝਾਕਾ ਪੈ ਜੇ ਸੋਹਣੇ ਦਾ
ਇਸ ਝਾਕੇ ਵਿਚ ਪਿਆਰ ਦਾ ਨਿੱਘ ਹੰਢਾ ਲੈਣਾ।

ਸਫ਼ਲਾ ਕਰਨਾ ਹੁੰਦਾ ਥੋੜਾ ਸਾਹਵਾਂ ਨੂੰ
ਰੌਲ਼ਾ ਪਾਉਣਾ ਛੱਡ ਕੇ 'ਕੱਲੇ ਗਾ ਲੈਣਾ।

ਚੋਖਾ ਚੰਗਾ ਮਿਲਣਾ ਉਹਦੀ ਮਰਜ਼ੀ ਐ
ਜੋ ਵੀ ਆਇਆ ਹਿੱਸੇ 'ਰਿਦੇ ਵਸਾ ਲੈਣਾ।

ਹੱਕ ਹੱਕ ਕੇ ਮਨ ਨੂੰ ਕਿਉਂ ਭਜਾਉਣਾ ਏ
ਖਿੱਚ ਲਗਾਮ ਇਕ ਥਾਂ ਟਿਕ ਕੇ ਬਾਹ ਲੈਣਾ।


ਖ਼ੁਸ਼ੀ ਗਮੀ ਦਾ ਪਰਦਾ ਕੋਈ ਨਾ ਜਾਣਦਾ ਏ
ਸ਼ਹਿਬਾਜ ਜੋ ਉਹਦੀ ਇੱਛਾ ਸਭ ਅਪਣਾ ਲੈਣਾ।




ਸਹਿਬਾਜਦੀਪ ਸਿੰਘ ਗੁਲਸ਼ਨ
ਐੱਮ. ਏ. ਪੰਜਾਬੀ

# ਢਲਦਾ ਸੂਰਜ





ਦਮਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ

# ਇੰਤਜ਼ਾਰ ਬਾਕੀ ਏ

ਸਾਰੀ ਉਮਰ ਛੱਡ ਨਹੀਂ ਸਕਦਾ
ਹਲੇ ਇਕ ਜਿਉਦੀਂ ਆਸ ਬਾਕੀ  ਏ

ਉੱਡਾਂ ਆਸਮਾਨ 'ਚ ਜਾਂ ਰੁਲ਼ਜਾ ਮਿੱਟੀ 'ਚ
ਮੇਰੇ ਪਰਾਂ 'ਚ ਇਕ ਹਲੇ ਉਡਾਰ ਬਾਕੀ ਏ

'ਕੱਲਾ ਨਹੀਂ ਰਹਿੰਦਾ ਨਾ ਹੀ ਰਿਹਾ ਜਾਂਦਾ ਏ
ਤੇਰੀਆਂ ਯਾਦਾਂ ਦਾ ਇਕ ਭੰਡਾਰ ਬਾਕੀ ਏ

ਸਾਹ ਨਿਕਲ ਜਾਣ ਚਾਹੇ ਹੁਣ ਈ
ਪਰ ਆਖ਼ਰੀ ਸਾਹ ਤਕ ਪਿਆਰ ਬਾਕੀ  ਏ

ਜਿੰਨਾਂ ਚਿਰ ਇਹਨਾਂ ਅੱਖਾਂ ਨੂੰ ਦੁਨੀਆਂ ਦਿੱਸਦੀ ਏ
ਓਨਾਂ ਚਿਰ ਮੇਰੀਆਂ ਅੱਖਾਂ ਨੂੰ ਤੇਰਾ ਇੰਤਜ਼ਾਰ ਬਾਕੀ ਏ



ਸ਼ੇਰਾ ਸਿੰਘ
ਐੱਮ. ਏ. ਮਿਊਜ਼ਕ

# ਚੁੱਪ ਹੈ

ਚੁੱਪ ਹੈ ਮੇਰਾ ਕੇਂਦਰ ਬਿੰਦੂ,

ਪੀੜ੍ਹਾਂ ਦਾ ਘਰ ਕਰ ਲਿਆ ਮੈਂ..

ਹੋਣੀ ਬਣੀ ਮੁੱਖ ਰਾਹ ਮੇਰਾ,

ਘੁੱਟ ਸਬਰ ਦਾ ਭਰ ਲਿਆ ਮੈਂ..

ਖੁਆਬਾਂ ਦੀ ਸੰਘੀ ਦੱਬ ਕੇ,

ਹਰ ਤੱਪਦਾ ਸਾਹ ਜਰ ਲਿਆ ਮੈਂ..

ਪਹਿਲੋਂ-ਪਹਿਲੋਂ ਪੈਰ ਸੀ ਥਿੜਕੇ,

ਹਾਸੇ ਦਾ ਗਲ ਫੜ੍ਹ ਲਿਆ ਮੈਂ..

**ਦਲਜੀਤ ਕੌਰ**

**ਬੀ. ਏ. ਦੂਜਾ ਸਾਲ**



# ਸੋਹਣੀ ਦਾਤ

ਇਸ਼ਕ ਤਾਂ ਰੱਬ ਦੀ ਸੋਹਣੀ ਦਾਤ ਜਿਹਾ,

ਦਿਲ ਨੂੰ ਚੰਗੀ ਲੱਗੇ, ਉਸ ਬਾਤ ਜਿਹਾ,

ਹੱਸ ਕੇ ਮੰਜ਼ੂਰ, ਐਸੀ ਮਾਤ ਜਿਹਾ,

ਮੱਘਰ ਦੀ ਠੰਢੀ ਰਾਤ ਜਿਹਾ,

ਜੋ ਸਕੂਨ ਦੇਵੇ ਉਸ ਬਰਸਾਤ ਜਿਹਾ,

ਇਸ਼ਕ ਤਾਂ ਤੈਨੂੰ ਬੱਸ ਤੱਕੀ ਜਾਣਾ ਏ ਮੇਰੇ ਲਈ,

ਦੁਨੀਆ ਲਈ ਇੱਕ ਕਰਾਮਾਤ ਜਿਹਾ।

ਰੀਆ ਸ਼ਰਮਾ

ਬੀ. ਪੀ. ਟੀ. ਤੀਜਾ ਸਾਲ



# ਦੇਸ਼ ਨੂੰ ਆਜ਼ਾਦ ਹੋਏ

ਅੱਜ 77 ਸਾਲ ਹੋ ਗਏ
ਪਰ ਸਾਡੀ ਸੋਚ ਤਾਂ
ਅੱਜ ਵੀ ਗੁਲਾਮ ਏ
ਰਾਹ 'ਚ ਜਾਂਦੀ ਕੁੜੀ
ਅੱਜ ਵੀ ਖਤਰੇ 'ਚ ਏ
ਕੁੱਝ ਲੋਕਾਂ ਲਈ ਔਰਤ
ਅੱਜ ਵੀ ਪੈਰ ਦੀ ਜੁੱਤੀ ਏ
ਪੜ੍ਹਿਆ ਲਿਖਿਆ ਨੌਜਵਾਨ
ਅੱਜ ਵੀ ਬੇਰੁਜ਼ਗਾਰ ਏ
ਸ਼ਰਾਬਾਂ ਪੀ ਕੇ ਮਰਨ ਵਾਲਿਆਂ ਨੂੰ
ਸਰਕਾਰੀ ਨੌਕਰੀ ਦਾ ਐਲਾਣ ਏ
ਗਰੀਬ ਸੜਕ ਤੇ ਬੈਠਾ
ਭੁੱਖਾ ਮਰ ਰਿਹਾ ਏ
ਅਮੀਰ ਆਪਣੇ ਬੰਗਲੇ 'ਚ ਬੈਠਾ
ਨਾਲ ਸਰਕਾਰਾਂ ਨੂੰ ਵੀ ਰਜ਼ਾ ਰਿਹਾ ਏ
ਤਾਂ ਫਿਰ ਕਿਵੇਂ ਅਸੀਂ ਕਹਿੰਦੇ
ਸਾਡਾ ਦੇਸ਼ ਆਜ਼ਾਦ ਏ
ਜਦ ਸਾਡੀ ਸੋਚ
ਅੱਜ ਵੀ ਝੂਠ ਦੀ ਗੁਲਾਮ ਏ।



ਪਵਨਦੀਪ ਕੌਰ
ਐੱਮ. ਏ. ਪੰਜਾਬੀ

# ਲਿਖਤਾਂ

ਮੁੰਡੇ ਦੀਆਂ ਲਿਖਤਾਂ ਦੇ ਵਿੱਚ

ਤੇਰਾ ਨਾਂ ਆਉਂਦਾ ਏ

ਤੇਰੇ ਲਈ ਲਿਖਦਾ ਅੜੀਏ

ਤੇਰੇ ਲਈ ਗਾਉਂਦਾ ਏ

ਦਿਨ ਰਾਤ 'ਚ ਫਰਕ ਨੀ ਕਰਦਾ

ਖ਼ਵਾਬਾਂ ਵਿੱਚ ਡੁੱਬਿਆ ਰਹਿੰਦਾ

ਤੇਰੀ ਰੱਖੀ ਡਾਇਰੀ ਦੇ ਵਿੱਚ

ਫੋਟੋ ਵਿੱਚ ਖੁੱਬਿਆ ਰਹਿੰਦਾ

ਜਿਹੜੇ ਰਾਹੇ ਤੂੰ ਲੰਘਦੀ ਏ

ਪਿੱਛੇ ਪਿੱਛੇ ਆਉਂਦਾ ਏ

ਮੁੰਡੇ ਦੀਆਂ ...

ਦਿੱਲ ਦੇ ਵਿੱਚ ਤੈਨੂੰ ਰੱਖਿਆ

ਹੋਰ ਨੇ ਆਉਣਾ ਨਾ

ਜਿੰਨਾ ਤੈਨੂੰ ਚਾਹੁੰਦਾ ਏ ਨੀ

ਹੋਰ ਨੂੰ ਚਾਹੁਣਾ ਨਾ

ਗੇੜੇ ਤੇਰੇ ਪਿੰਡ ਦੇ ਅੜੀਏ

ਰੋਜ ਰੋਜ ਲਾਉਂਦਾ ਏ

ਮੁੰਡੇ ਦੀਆਂ...

ਜਸਕਰਨ ਸਿੰਘ

ਬੀ. ਐਸ. ਸੀ. ਫਜ਼ਿਕਸ



# ਅੱਜ ਕੱਲ੍ਹ

ਰਹਾਂ ਅੱਜ ਕੱਲ੍ਹ,

ਚੁੱਪ ਚੁੱਪ ਜਿਹਾ।

ਗ਼ਮ ਅੰਦਰੋਂ ਅੰਦਰੀ,

ਜਰ ਜਾਵਾਂ।

ਇਕ ਇਹਸਾਨ ਹੀ,

ਕਰਦੇ ਮੇਰੇ ਤੇ।

ਮੈਨੂੰ ਗਲ ਲਾ ਤੇ,


ਮੈਂ ਮਰ ਜਾਵਾਂ।

ਜਸ਼ਨਪ੍ਰੀਤ ਸਿੰਘ

ਬੀ. ਏ. ਦੂਜਾ ਸਾਲ



# ਬਾਰਾਸਿੰਘਾ





ਅਮਨਦੀਪ ਕੌਰ

ਬੀ. ਏ. ਦੂਜਾ ਸਾਲ

# ਇਸ਼ਕ ਦੇ ਕੰਡੇ ਨੂੰ

ਮੇਰੀ ਸੁਣਦਾ ਏ ਤਾਂ ਸੁਣ,

ਏਸ ਜਨਮ ਇਕੱਲੇ ਨਹੀ ,

ਸੱਤ ਜਨਮ ਮੈਨੂੰ ਹੀ ਚੁਣ।

ਇੱਕ ਜਨਮ ਬਹੁਤ ਥੋੜਾ ਏ ,

ਮੈਂ ਤੇ ਕਰਨਾ ਤੇਰੇ ਨਾਲ,

ਪਿਆਰ ਦਾ ਲੰਬਾ ਦੌਰਾ ਏ।

ਸਰੀਰ ਨੂੰ ਛੱਡ ਕੇ ਮੈਂ ਬੱਸ,

ਤੇਰੀ ਰੂਹ ਦੇ ਪੈਰ ਚੁੰਮਾਂਗਾ।

ਸਮੇਂ ਦੇ ਚੱਕਰ ਨੂੰ ਬਣਾ ਝੂਠਾ,

ਤੇਰੀ ਉਡੀਕ ਚ ਏਥੇ ਘੁੰਮਾਂਗਾ।

ਅੱਖਾਂ ਨਾਲ ਕਰਨੀਆਂ ਗੱਲਾਂ,

ਐਸੀ ਭਾਸ਼ਾ ਸਿੱਖ ਲਵਾਂਗੇ।

ਬੱਸ ਚੁੱਪ ਰਹਿ ਸਭ ਕਹਾਂਗੇ ,

ਕਦੀ ਘੱਟਦਾ ਜਾਵੇਂ ਐਸਾ ਨਹੀ।

ਵੱਧਦੇ ਤੋਂ ਵੱਧਦਾ ਜਾਵੇ ਪਿਆਰ,

ਖੁੱਭ ਜਾਵੇ ਏਸ ਕਦਰ ਮੇਰੇ ਅੰਦਰ,


ਇਹ ਨਿਕਲ ਕਦੀ ਨਾ ਪਾਵੇ।

ਇਸ਼ਕ ਦੇ ਕੰਡੇ ਨੂੰ ਕਹੋ ਰਹੇ ਤਿਆਰ।

ਇਸ਼ਕ ਦੇ ਕੰਡੇ ਨੂੰ ਕਹੋ ਰਹੇ ਤਿਆਰ।

**ਮਨਦੀਪ ਸਿੰਘ**

**ਐੱਮ. ਏ. ਪੰਜਾਬੀ**



# ਸਵਾਲਾਂ ਦੇ ਭੂਚਾਲ

ਸਵਾਲਾਂ ਦੇ ਭੂਚਾਲ ਆਉਂਣ 'ਤੇ ਵੀ ਚੁੱਪ ਵੱਟ ਬਹਿੰਦੀ ਆਂ...

ਸਭ ਕੁੱਝ ਸਹਿ ਕੇ ਵੀ ਜਿਵੇਂ ਕੁੱਝ ਨਾ ਸਹਿੰਦੀ ਆਂ...

ਲਫ਼ਜ਼ਾਂ ਦਾ ਪਹਾੜ ਬਣਾ ਕੇ ਆਖ਼ਿਰ 'ਤੇ ਢੇਰੀ ਢਾਹ ਬਹਿੰਦੀ ਆਂ...

ਜਜ਼ਬਾਤਾਂ ਨੂੰ ਵਿੱਚ ਘੋਲ ਹਵਾ ਦੇ ਹਵਾ ਨੂੰ ਹੀ ਠੱਲ ਪਾ ਲੈਂਦੀ ਆਂ...

ਅੱਖੀਆਂ ਨੂੰ ਬਣਾ ਚਸ਼ਮਾਂ ਹੰਝੂਆਂ ਸੰਗ ਆਪ ਆ ਵਹਿੰਦੀ ਆਂ ...

ਦਲਜੀਤ ਕੌਰ

ਬੀ. ਏ. ਦੂਜਾ ਸਾਲ



# ਇਸ਼ਕ 'ਚ ਰੱਤੇ

ਉਹਦੇ ਪ੍ਰੇਮ ਪਿਆਰ ਦੇ ਅੰਦਰ।

ਦੁਨੀਆਂ ਦਿਸੇ ਯਾਰ ਦੇ ਅੰਦਰ।

ਅਤੇ ਹੱਜ ਤੀਰਥਾਂ ਜਿੰਨਾ ਪੁੰਨ ਏ,

ਮਹਿਬੂਬ ਦੇ ਦੀਦਾਰ ਦੇ ਅੰਦਰ।

ਸੱਜਣ ਸੁਣ ਸਭ ਇਸ਼ਕ ਤੋਂ ਛੋਟਾ,

ਜੋ ਕੁਝ ਵੀ ਹੈ ਸੰਸਾਰ ਦੇ ਅੰਦਰ।

ਇਸ਼ਕ 'ਚ ਰੱਤੇ ਲੈ ਉਜਲੇ ਮੱਥੇ,

ਬੈਠੇ ਰੱਬ ਦੇ ਦਰਬਾਰ ਦੇ ਅੰਦਰ।



ਸਾਹਿਬਜੀਤ ਸਿੰਘ

ਐਮ. ਏ. ਪੰਜਾਬੀ

ਪਹਿਲਾ ਸਾਲ

# ਕਾਲਾ ਗੁਲਾਬ

ਅਕਸ਼ੇ - ਟੋਹਰ ਦੱਸ ਤੂੰ ਅੱਜ ਵੀਰ ਦੀ।

ਮਨਬੀਰ - ਭਰਾ ਤੂੰ ਤੇ ਲੱਗਦਾ ਵਿਆਹ ਚ' ਆਉਣ ਵਾਲੀਆਂ ਸਾਰੀਆਂ ਵਿਆਹ ਕੇ ਲੈਜੇਗਾਂ। ਸਾਡੇ ਲਈ ਵੀ ਰਹਿਣ ਦੇ ਕੋਈ ਕਿ ਨਹੀਂ?

ਅਕਸ਼ੇ - ਤੇਰੇ ਨਾਲ ਕਾਲਿਆ ਜਿਹਾ ਫਸਦੀ ਤੇ ਕੋਈ ਹੈਨੀ।

ਮਨਬੀਰ - ਕੀ ਕਰਾਂ ਯਾਰ ਰੱਬ ਨੇ ਬਣਾਂ ਹੀ ਆਪਣੇ ਵਰਗਾ ਲਿਆ। ਸੋਚਦਾ ਹੋਣਾ ਮੈਂ ਤੇ ਕੱਲਾ ਰਹਿਣਾ ਹੀ ਆ। ਇਨੂੰ ਵੀ ਏਦਾ ਰੱਖਦਾ।

ਅਕਸ਼ੇ - ਹਾ ਹਾ ਹਾ ਹਾ ਹਾ.. ਮੈਂ ਸੁਣਿਆਂ ਤੂੰ ਸੰਜਨਾ ਨੂੰ ਵੀ ਪੁੱਛਿਆ ਸੀ?

ਮਨਬੀਰ - ਕੁਝ ਨਾ ਪੁੱਛ ਭਰਾ ਉਹ ਦਿਨ ਕੀ ਹੋਇਆ। ਮੈਂ ਫੁੱਲਾਂ ਦਾ ਟੋਕਰਾਂ ਕੱਠਾ ਕਰ ਪੁੱਛਿਆ। ਪਹਿਲਾਂ ਮਜ਼ਾਕ ਉਡਾਉਣ ਦੀ ਮਾਰੀ ਨੇ ਹਾਂ ਕਰਤੀ। ਜਦੋਂ ਮੈਂ ਖੁਸ਼ੀ ਵਿੱਚ ਸਾਰਿਆ ਨੂੰ ਪਾਰਟੀ ਕਰ ਤੀ। ਪਾਰਟੀ ਵਿੱਚ ਹੀ ਨਾਂਹ ਕਰਤੀ। ਕਹਿੰਦੀ ਮੈਂ ਤਾਂ ਤੇਰੀ ਦੋਸਤ ਵੀ ਨੀ ਬਣ ਸਕਦੀ ਮਸ਼ੂਕ ਤਾਂ ਬੜੀ ਦੂਰ ਦੀ ਗੱਲ ਆ। ਓਦਾਂ ਚੰਦਰੀ ਹੈ ਬਹੁਤੀ ਕੈਮ ਸੀ।

ਅਕਸ਼ੇ - ਹੁਣ ਨਾ ਓਦੇ ਬਾਰੇ ਸੋਚ ਪੁੱਤ। ਤੇਰੀ ਭਾਬੀ ਆ।

ਮਨਬੀਰ - ਪਤਾ ਵਾ ਯਾਰ। ਐਵੇਂ ਬਾਰ-ਬਾਰ ਕਹਿ ਜਖਮਾਂ ਤੇ ਲੂਣ ਨਾ ਛਿੜਕ।

ਅਕਸ਼ੇ - ਵੈਸੇ ਜੇ ਮੈਂ ਕੁੜੀ ਹੁੰਦਾ ਮੈਂ ਤੇਰੇ ਨਾਲ ਪੱਕਾ ਫਸ ਜਾਣਾ ਸੀ। ਵਿਆਹ ਵੀ ਅਸਾਨੀ ਨਾਲ ਹੋ ਜਾਣਾ ਸੀ। ਆਪਣੇ ਬਾਪੂ ਹੁਣਾ ਦੀ ਯਾਰੀ ਵੇਖ ਕਿੰਨੀ ਪੱਕੀ ਆ। ਅਸਾਨੀ ਨਾਲ ਮੰਨ ਜਾਣਾ ਸੀ ਉਨ੍ਹਾਂ।

ਮਨਬੀਰ - ਕਿੱਥੇ ਭਰਾ.. ਜੇ ਕਿਤੇ ਤੂੰ ਕੁੜੀ ਹੁੰਦਾ ਤੂੰ ਕਹਿਣਾ ਸੀ ਆਪਣੇ ਬਾਪੂ ਤੇ ਭਰਾ ਬਣੇ ਨੇ ਮੈਂ ਤਾਂ ਤੇਰੀ ਭੈਣ ਲੱਗਦੀ ਆ।

ਦੋਨੋਂ ਉੱਚੀ-ਉੱਚੀ ਹੱਸਣ ਲੱਗ ਪਏ।

ਮਨਬੀਰ - ਉਦਾਂ ਜੇ ਹੋ ਵੀ ਜਾਂਦਾ ਤੁਸੀਂ ਬਾਹਮਣ ਅਸੀਂ ਸਿੱਖ। ਤੁਸੀਂ ਕਹਿਣਾ ਸੀ ਫੇਰੇ ਕਰਨੇ ਅਸੀਂ ਕਹਿਣਾ ਸੀ ਲਾਵਾਂ, ਤੁਸੀਂ ਕਹਿਣਾ ਸੀ ਰਾਤ ਵਿਆਹ ਕਰਨਾ ਅਸੀਂ ਕਹਿਣਾ ਸੀ ਦਿਨੇ। ਪੰਗੇ ਪਈ ਜਾਣੇ ਸੀ।

ਅਕਸ਼ੇ - ਹਾ ਹਾ ਹਾ ਹਾ... ਚੰਗਾ ਹੋਇਆ ਮੈਂ ਮੁੰਡਾ ਹੀ ਆ।

ਦੋਨੋਂ ਫਿਰ ਤੋਂ ਉੱਚੀ ਉੱਚੀ ਹੱਸਣ ਲੱਗ ਪਏ।

ਮਨਬੀਰ - ਚੱਲ ਹੁਣ ਤੂੰ ਤਿਆਰੀ ਰੱਖ ਮੈਂ ਬਾਕੀਆਂ ਦੀ ਵੀ ਤਿਆਰੀ ਵੇਖਾਂ। ਇਹ ਨਾ ਹੋਵੇ ਵਿਆਹ ਵਾਲਾ ਮੁੰਡਾ ਕੱਲਾ ਹੀ ਬਰਾਤ ਲੈ ਕੇ ਪੁੱਜਾ ਹੋਵੇ।

ਅਕਸ਼ੇ - ਜਾ ਭਰਾ ਕਿਤੇ ਸੱਚੀ ਨਾ ਏਦਾਂ ਹੋਵੇ। ਜਾ ਛੇਤੀ-ਛੇਤੀ ਜਾ..

ਮਨਬੀਰ - ਚੰਗਾ।

ਘਰ ਵਿੱਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਬਰਾਤ ਤੁਰਨ ਵਿੱਚ ਥੋੜ੍ਹਾ ਹੀ ਸਮਾਂ ਬਾਕੀ ਸੀ। ਅਕਸ਼ੇ ਹਿੰਦੂ ਪਰਿਵਾਰ ਦਾ ਮੁੰਡਾ ਸੀ ਜਿਸ ਕਾਰਨ ਵਿਆਹ ਰਾਤ ਦਾ ਸੀ। ਅਕਸ਼ੇ ਨੂੰ ਤਿਆਰ ਕਰ ਮਨਬੀਰ ਬਾਕੀ ਹੋਰ ਘਰਦਿਆਂ ਨੂੰ ਤਿਆਰ ਕਰਨ ਵਿੱਚ ਲੱਗ ਗਿਆ। ਮਨਬੀਰ ਤੇ ਅਕਸ਼ੇ ਲੰਗੋਟੀਏ ਯਾਰ ਸੀ ਤੇ ਉਨ੍ਹਾਂ ਦੇ ਪਿਉ ਵੀ। ਉਹ ਇੱਕ ਦੂਜੇ ਦੇ ਦੁੱਖ-ਸੁੱਖ ਵਿੱਚ ਰਿਸ਼ਤੇਦਾਰਾਂ ਨਾਲੋਂ ਵੱਧ ਸਾਥ ਨਿਭਾਉਂਦੇ ਆ ਰਹੇ ਸਨ। ਅਕਸ਼ੇ ਦੇ ਵਿਆਹ ਦੀ ਜਿੰਮੇਵਾਰੀ ਵੀ ਲਗਭਗ ਸਾਰੀ ਮਨਬੀਰ ਦੇ ਸਿਰ ਤੇ ਸੀ। ਅਕਸ਼ੇ

ਬਹੁਤ ਗੋਰਾ-ਚਿੱਟਾ ਸੀ। ਤੇ ਮਨਬੀਰ ਪੱਕੇ ਰੰਗ ਦਾ। ਜਿਸ ਕਾਰਨ ਲੋਕ ਮਨਬੀਰ ਤੋਂ ਜ਼ਿਆਦਾਤਰ ਦੂਰ ਹੀ ਰਹਿੰਦੇ ਸਨ। ਖਾਸ ਕਰ ਕੁੜੀਆਂ। ਅੱਜ ਤੱਕ ਮਨਬੀਰ ਨਾਲ ਕਦੇ ਕਿਸੇ ਕੁੜੀ ਦੀ ਗੱਲਬਾਤ ਨਹੀਂ ਸੀ ਹੋਈ।

ਲੱਗਭਗ ਸਭ ਤਿਆਰ ਸਨ। ਬਰਾਤ ਚੱਲਣ ਦਾ ਸਮਾਂ ਹੋ ਗਿਆ। ਬੈਂਡ ਵਾਜੇ ਵੱਜਣ ਲੱਗੇ। ਅਕਸ਼ੇ ਦਾ ਪਿਤਾ ਸਤੀਸ਼ ਨੱਚਣ ਲੱਗਾ। ਹੋਰ ਪਰਿਵਾਰਿਕ ਮੈਂਬਰ ਵੀ ਭੜਥੂ ਪਾਉਣ ਲੱਗੇ। ਮਨਬੀਰ ਦੇ ਪਿਤਾ ਰਜਿੰਦਰ ਸਿੰਘ ਕੰਮ ਕਾਰ ਵਿਚ ਵਿਅਸਤ ਸੀ। ਸਤੀਸ਼ ਅਕਸ਼ੇ ਦਾ ਪਿਉ ਕਾਹਲੀ ਨਾਲ ਉਸ ਵੱਲ ਗਿਆ ਤੇ ਬਾਹੋਂ ਫੜ ਖਿੱਚ ਲਿਆਇਆ। ਦੋਨੋਂ ਇੱਕ ਦੂਜੇ ਦਾ ਹੱਥ ਫੜ ਨੱਚਣ ਲੱਗੇ। ਮਨਬੀਰ ਵੀ ਆ ਨੱਚਣ ਲੱਗਾ। ਬਰਾਤ ਚੱਲਣ ਲਈ ਬਿਲਕੁਲ ਤਿਆਰ ਸੀ। ਸਭ ਰਸਮਾਂ ਰਿਵਾਜ ਹੋਣ ਲੱਗੇ। ਸਭ ਖੁਸ਼ੀ ਵਿੱਚ ਝੂਮ ਰਹੇ ਸਨ। ਲਾੜੇ ਦੀ ਸਵਾਰੀ ਲਈ ਸ਼ਾਹੀ ਰੱਥ ਤਿਆਰ ਸੀ। ਅਕਸ਼ੇ ਰੱਥ ਤੇ ਸਵਾਰ ਹੋ ਗਿਆ। ਮਨਬੀਰ ਵੀ ਰੱਥ ਤੇ ਚੜ ਗਿਆ ਤੇ ਨੱਚਣਾ ਜਾਰੀ ਰੱਖਿਆ। ਬਰਾਤ ਚੱਲ ਪਈ। ਬਰਾਤ ਨੇੜੇ ਹੀ ਕਿਸੇ ਪੈਲਿਸ ਵਿੱਚ ਜਾਣੀ ਸੀ ਇਸ ਲਈ ਬਾਕੀ ਸਾਰੇ ਪੈਦਲ ਚੱਲ ਪਏ। ਨੱਚਦੇ-ਟੱਪਦੇ ਬਰਾਤ ਪੈਲਿਸ ਵਿੱਚ ਪੁੱਜ ਗਈ। ਕੁੜੀ ਦੇ ਪਰਿਵਾਰ ਨੇ ਬਹੁਤ ਨਿੱਘਾ ਸਵਾਗਤ ਕੀਤਾ। ਸਵਾਗਤ ਦੌਰਾਨ ਹੀ ਕਈ ਪ੍ਰਕਾਰ ਦੇ ਸ਼ਰਬਤ, ਜੂਸ, ਠੰਡੇ ਕਾਜੂ, ਬਦਾਮ ਤੇ ਹੋਰ ਸੋਗਾਤਾਂ ਬਰਾਤ ਨੂੰ ਭੇਟ ਕੀਤੀਆਂ ਗਈਆਂ। ਉਪਰਾਂਤ ਮਿਲਣੀ ਹੋਈ ਤੇ ਫਿਰ ਰੇਬਨ ਕਟਾਈ। ਕੁੜੀ ਦੀਆਂ ਭੈਣਾਂ ਨੇ 5100 ਰੁਪਏ ਲੈ ਹੀ ਰੇਬਨ ਕੱਟਣ ਦਿੱਤਾ। ਫਿਰ ਕੁੜੀ ਨੂੰ ਲਿਆਂਦਾ ਗਿਆ। ਕੁੜੀ ਬਹੁਤ ਖੂਬਸੂਰਤ ਲੱਗ ਰਹੀ ਸੀ। ਕੁੜੀ ਵੱਲ ਦੇਖ ਸਾਰੇ ਹੀ ਉਸ ਦੀ ਪ੍ਰਸੰਸ਼ਾ ਕਰ ਰਹੇ ਸਨ। ਸਭ ਅਕਸ਼ੇ ਦੀ ਖੁਸ਼ ਨਸੀਬੀ ਦੀਆਂ ਗੱਲਾਂ ਕਰ ਰਹੇ ਸਨ। ਫਿਰ ਜੈ ਮਾਲਾ ਦੀ ਰਸਮ ਹੋਈ ਤੇ ਉਪਰਾਂਤ ਸਭ ਨੇ ਵੰਨ-ਸੁਵੰਨੇ ਪਕਵਾਨ ਖਾਧੇ ਤੇ ਖੂਬ ਮਸਤੀ ਕੀਤੀ।

ਹੁਣ ਵਿਆਹ ਦੀ ਸਭ ਤੋਂ ਮਹੱਤਵਪੂਰਨ ਰਸਮ ਲਈ ਸਭ ਸਜਾਏ ਗਏ ਮੰਡਪ ਵਿੱਚ ਬੈਠ ਗਏ। ਦੋਨਾਂ ਪਾਸਿਆ ਦੇ ਪੰਡਤਾਂ ਨੇ ਕਾਰਜ ਅਰੰਭ ਕਰ ਦਿੱਤਾ। ਅਕਸ਼ੇ ਤੇ ਕੁੜੀ ਦੇ ਮਾਤਾ ਪਿਤਾ ਨੇ ਰਸਮਾਂ ਕੀਤੀਆਂ। ਫਿਰ ਕੁੜੀ ਨੂੰ ਮੰਡਪ ਵਿੱਚ ਲਿਆਂਦਾ ਗਿਆ। ਹੋਰ ਰਸਮਾਂ ਹੋਈਆਂ ਤੇ ਫੇਰੇ ਹੋਏ। ਅਕਸ਼ੇ ਨੇ ਸੰਜਨਾ ਨੂੰ ਮੰਗਲਸੂਤਰ ਪਹਿਨਾਇਆ। ਹੋਰ ਵੀ ਰਸਮਾਂ ਹੋਈਆਂ। ਫਿਰ ਵਿਦਾਇਗੀ ਹੋਣ ਦਾ ਵੇਲਾ ਹੋ ਗਿਆ। ਡੋਲੀ ਵਾਲੀ ਕਾਰ ਫੁੱਲਾਂ ਨਾਲ ਸਜਾਈ ਹੋਈ ਪੈਲਿਸ ਦੇ ਬੂਹੇ ਤੇ ਆਣ ਖੜੀ ਹੋਈ। ਜਿਸ ਨੂੰ ਮਨਬੀਰ ਚਲਾ ਰਹਾ ਸੀ। ਸਮਾਂ ਕਰੀਬ ਸਵੇਰ ਦੇ ਚਾਰ ਵਜੇ ਦਾ ਸੀ। ਵਿਦਾਇਗੀ ਦੇ ਗੀਤ ਗਾਏ ਜਾਣ ਲੱਗੇ। ਵਿਦਾਇਗੀ ਦੀ ਰਸਮ ਹੋਈ ਤੇ ਕੁੜੀ ਮੁੰਡਾ ਡੋਲੀ ਵਾਲੀ ਕਾਰ ਵਿੱਚ ਬੈਠ ਗਏ। ਨਾਲ ਹੀ ਡਰਾਇਵਰ ਵਾਲੀ ਸੀਟ ਤੇ ਮਨਬੀਰ ਤੇ ਨਾਲ ਵਾਲੀ ਤੇ ਅਕਸ਼ੇ ਦੀ ਮਾਂ ਬੈਠ ਗਈ। ਬਾਕੀ ਬਰਾਤ ਨੂੰ ਲੈਣ ਲਈ ਗੱਡੀਆਂ ਆ ਗਈਆਂ। ਸਭ ਬੈਠ ਗਏ। ਡੋਲੀ ਚੱਲ ਪਈ। ਕੁਝ ਮਿੰਟਾਂ ਵਿੱਚ ਹੀ ਸਭ ਅਕਸ਼ੇ ਦੇ ਘਰ ਪੁੱਜ ਗਏ। ਹੋਰ ਰਸਮਾਂ ਹੋਈਆਂ ਤੇ ਸਭ ਨੇ ਖ਼ੂਬ ਮਸਤੀ ਕੀਤੀ। ਰਸਮਾਂ ਰਿਵਾਜਾਂ ਵਿੱਚ ਹੀ ਦਿਨ ਬੀਤ ਗਿਆ। ਓਸੇ ਦਿਨ ਹੀ ਲਗਭਗ ਸਭ ਰਿਸ਼ਤੇਦਾਰ ਆਪੋ-ਆਪਣੇ ਘਰਾਂ ਨੂੰ ਵਾਪਿਸ ਪਰਤ ਗਏ। ਬਚੇ ਹੋਏ ਪਰਿਵਾਰਿਕ ਮੈਂਬਰਾਂ ਨੇ ਰਾਤ ਦਾ ਰੋਟੀ ਪਾਣੀ ਛਕਿਆ ਤੇ ਨਵੀਂ ਨੂੰਹ ਤੇ ਅਕਸ਼ੇ ਨਾਲ ਸ਼ਰਾਰਤਾਂ ਕੀਤੀਆਂ। ਉਪਰਾਂਤ ਸੰਜਨਾ ਨੂੰ ਅਕਸ਼ੇ ਦੇ ਕਮਰੇ ਵਿੱਚ ਛੱਡ ਕੇ ਆਏ ਤੇ ਫਿਰ ਅਕਸ਼ੇ ਨੂੰ ਭੇਜਿਆ ਗਿਆ। ਕਮਰੇ ਵਿੱਚ ਫੁੱਲ ਹੀ ਫੁੱਲ ਵਿਛੇ ਹੋਏ ਸਨ। ਹੱਦ ਤੋਂ ਪਰੇ ਸਜਾਵਟ ਕੀਤੀ ਗਈ। ਅਕਸ਼ੇ ਨੇ ਕਮਰੇ ਦਾ ਬੂਹਾ ਬੰਦ ਕੀਤਾ ਤੇ ਸੰਜਨਾ ਵੱਲ ਵਧਿਆ। ਸੰਜਨਾ ਦਾ ਘੁੰਗਟ ਚੁੱਕਿਆ। ਉਸ ਨੇ ਨਜ਼ਰ ਉਪਰ ਨਾ ਚੁੱਕੀ ਸ਼ਾਇਦ ਉਹ ਸ਼ਰਮਾ ਰਹੀ ਸੀ। ਅਕਸ਼ੇ ਨੇ ਬੜੇ ਹੀ ਪਿਆਰ ਨਾਲ ਉਸਦਾ ਚਿਹਰਾ ਆਪਣੇ ਹੱਥ ਨਾਲ ਠੋਡੀ ਤੋਂ ਉੱਪਰ ਨੂੰ ਚੁੱਕਿਆ ਤੇ ਕਿਹਾ..

ਅਕਸ਼ੇ - ਵਾਹ ਓ ਮੇਰਿਆ ਰੱਬਾ ਇਹ ਤਾਂ ਅਲੀ ਬਾਬਾ ਦਾ ਖਜ਼ਾਨਾ ਹੱਥ ਲੱਗ ਗਿਆ ਈ।

ਸੰਜਨਾ ਥੋੜਾ ਜਿਹਾ ਮੁਸਕਰਾਈ। ਅਕਸ਼ੇ ਫਿਰ ਬੋਲਿਆ..

ਅਕਸ਼ੇ - ਜਨਾਬ ਜੇ ਇਜ਼ਾਜਤ ਹੋਵੇ ਤਾਂ ਇਨ੍ਹਾਂ ਲਬਾਂ ਦੀ ਰੋਣਕ ਦਾ ਹਿੱਸੇਦਾਰ ਬਣ ਜਾਵਾਂ?

ਸੰਜਨਾ ਨੇ ਨਜ਼ਰ ਭਰ ਅਕਸ਼ੇ ਵੱਲ ਤੱਕਿਆ ਤੇ ਬੜੇ ਪਿਆਰ ਨਾਲ ਸਿਰ ਹਿਲਾਇਆ। ਅਕਸ਼ੇ ਨੇ ਸੰਜਨਾ ਨੂੰ ਬਾਹਾਂ ਵਿੱਚ ਭਰਿਆ ਤੇ ਆਪਣੀ ਖੁਸ਼ੀ ਜਾਹਿਰ ਕੀਤੀ।

ਰਾਤ ਬੀਤ ਗਈ। ਬੂਹਾ ਖਟਕਿਆ। ਅਕਸ਼ੇ ਕਾਹਲੀ ਨਾਲ ਉੱਠਿਆ ਤੇ ਘੜੀ ਵੱਲ ਦੇਖਿਆ। ਸਮਾਂ ਸਵੇਰ ਦੇ ਨੌ ਵੱਜਣ ਵਾਲੇ ਸਨ। ਉਸਨੇ ਲੀੜੇ ਪਾਏ ਤੇ ਬੂਹਾ ਖੋਲ੍ਹਿਆ। ਦੇਖਿਆ ਤਾਂ ਅਕਸ਼ੇ ਦੀ ਮਾਂ ਚਾਹ ਲੈ ਕੇ ਖੜੀ ਸੀ। ਅਕਸ਼ੇ ਨੇ ਕਾਹਲੀ ਨਾਲ ਚਾਹ ਫੜੀ ਤੇ ਆਪਣੀ ਮਾਂ ਦੇ ਕੁਝ ਬੋਲਣ ਤੋਂ ਪਹਿਲਾਂ ਹੀ ਬੂਹਾ ਬੰਦ ਕਰ ਦਿਤਾ। ਅਕਸ਼ੇ ਦੀ ਮਾਂ ਪੂਜਾ ਦੀ ਗੱਲ ਬਸ ਲਬਾਂ ਤੇ ਹੀ ਰਹਿ ਗਈ। ਉਹ ਮੁਸਕਰਾਈ ਤੇ ਚਲੀ ਗਈ। ਅਕਸ਼ੇ ਨੇ ਚਾਹ ਟੇਬਲ ਉੱਪਰ ਰੱਖੀ ਤੇ ਸੰਜਨਾ ਨੂੰ ਦੇਖਿਆ। ਪਰ ਉਹ ਉੱਥੇ ਨਹੀਂ ਸੀ। ਉਸਨੇ ਗੌਰ ਕੀਤਾ ਤਾਂ ਖੁਰੇ(ਬਾਥਰੂਮ) ਵਿੱਚ ਸੀ। ਕੁਝ ਦੇਰ ਪਿੱਛੋਂ ਉਹ ਨਹਾਂ ਕੇ ਆਪਣੇ ਵਾਲਾਂ ਨੂੰ ਪੂੰਝਦੀ ਬਾਹਰ ਆਈ। ਅਕਸ਼ੇ ਨੇ ਉਸਦੇ ਵੱਲ ਤੱਕਿਆ ਤੇ ਦੋਨੋਂ ਮੁਸਕਰਾਏ। ਦੋਨਾਂ ਨੇ ਚਾਹ ਪੀਤੀ ਤੇ ਕੁਝ ਦੇਰ ਗੱਲਾਂ ਬਾਤਾਂ ਕੀਤੀਆਂ। ਫਿਰ ਦੋਨੋਂ ਤਿਆਰ ਹੋ ਬਾਹਰ ਆ ਗਏ। ਸਭ ਨੂੰ ਸੁਭ ਸਵੇਰ ਦੀ ਸ਼ੁਭਕਾਮਨਾ ਦਿੱਤੀ ਤੇ ਗੱਲਾਂ ਬਾਤਾਂ ਕਰਨ ਲੱਗੇ।

ਏਨੇ ਨੂੰ ਮਨਬੀਰ ਵੀ ਆ ਗਿਆ। ਉਹ ਸਭ ਤੋਂ ਪਹਿਲਾਂ ਅਕਸ਼ੇ ਵੱਲ ਗਿਆ ਤੇ ਉਸਨੂੰ ਘੁੱਟ ਕੇ ਗਲੇ ਮਿਲਿਆ। ਤੇ ਕਿਹਾ..

ਮਨਬੀਰ - ਕਿੱਦਾ ਸੱਜਣਾ। ਬੜਾ ਖੁਸ਼ ਲੱਗਦਾ।

ਅਕਸ਼ੇ - ਖੁਸ਼ ਨਾ ਹੋਵਾਂ ਤੇ ਹੋਰ ਮਾਮਾ ਰੋਵਾਂ..

ਫਿਰ ਦੋਨੋਂ ਮੁਸਕਰਾਏ। ਅਕਸ਼ੇ ਬਾਕੀ ਪਰਿਵਾਰ ਦੇ ਮੈਂਬਰਾਂ ਨੂੰ ਵੀ ਮਿਲਿਆ ਤੇ ਖੁਸ਼ ਹੋ ਸੰਜਨਾ ਨੂੰ ਸੁਭ ਪ੍ਰਭਾਤ ਦੀ ਸ਼ੁਭਕਾਮਨਾ ਦਿੱਤੀ। ਫਿਰ ਹੋਰ ਗੱਲਾਂ ਹੋਣ ਲੱਗੀਆਂ ਤੇ ਅਕਸ਼ੇ ਨੂੰ ਛੇੜਣ ਲੱਗੇ। ਸੰਜਨਾ ਬੱਸ ਹੋਲੀ-ਹੋਲੀ ਖੁਸ਼ ਹੁੰਦੀ ਰਹੀ।

ਏਸੇ ਤਰਾਂ ਕਰੀਬ ਇੱਕ ਮਹੀਨਾ ਬੀਤ ਗਿਆ। ਅਕਸ਼ੇ ਫੌਜ ਵਿੱਚ ਹਵਲਦਾਰ ਸੀ। ਛੁੱਟੀ ਖਤਮ ਹੁੰਦੇ ਸਾਰ ਹੀ ਉਸਨੂੰ ਜਾਣਾ ਪਿਆ। ਸੰਜਨਾ ਵੀ ਕਾਫ਼ੀ ਪੜੀ ਲਿਖੀ ਸੀ ਪਰ ਕਿਸੇ ਨੌਕਰੀ ਤੇ ਨਹੀਂ ਸੀ ਲੱਗੀ। ਉਸ ਨੂੰ ਚਿੱਤਰਕਾਰੀ ਕਰਨਾ ਪਸੰਦ ਸੀ। ਉਹ ਕਿਸੇ ਵੀ ਪ੍ਰਕਾਰ ਦੀ ਚਿੱਤਰਕਾਰੀ ਕਰ ਸਕਦੀ ਸੀ। ਅਨੋਖਾ ਹੁਨਰ ਸੀ ਉਸਦੇ ਹੱਥਾਂ ਵਿੱਚ। ਮਨਬੀਰ ਇੱਕ ਸਰਕਾਰੀ ਬੈਂਕ ਵਿੱਚ ਮੈਨੇਜਰ ਦੇ ਅਹੁਦੇ 'ਤੇ ਸੀ।

ਕੁਝ ਦਿਨਾਂ ਪਿੱਛੋਂ ਸੰਜਨਾ ਦੇ ਫੋਨ ਦੀ ਬੈੱਲ ਵੱਜੀ। ਫੋਨ ਅਕਸ਼ੇ ਦਾ ਸੀ। ਉਸਨੇ ਦੱਸਿਆ ਕਿ ਉਸ ਦੀ ਛੁੱਟੀ ਮੰਜ਼ੂਰ ਹੋ ਗਈ ਹੈ। ਉਹ ਅੱਜ ਸ਼ਾਮ ਤੱਕ ਘਰ ਪਰਤ ਆਵੇਗਾ। ਸੰਜਨਾ ਦੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਜਦ ਪਤਾ ਲੱਗਾ ਕਿ ਅੱਜ ਦਿਲਾਂ ਦੇ ਜਾਨੀ ਦੇ ਦੀਦਾਰ ਹੋਣੇ ਨੇ, ਸਮਝ ਨਹੀਂ ਸੀ ਆ ਰਹੀ ਕਿ ਮੈਂ ਕੀ ਕਰਾਂ। ਉਸਨੇ ਆਪਣੀ ਸੱਸ ਨੂੰ ਦੱਸਿਆ। ਫਿਰ ਆਪਣੇ ਕਮਰੇ ਵਿੱਚ ਗਈ ਤੇ ਝੂਮਣ ਲੱਗੀ। ਉਹ ਕਦੇ ਸ਼ਿੰਗਾਰ ਕਰਦੀ, ਕਦੇ ਖੁੱਦ ਨੂੰ ਨਿਹਾਰਦੀ, ਕਦੇ ਛੱਤ ਤੇ ਚੜ ਰਾਹ ਵੱਲ ਦੇਖਦੀ। ਮਨ 'ਤੇ ਕੋਈ ਵੱਸ ਨਹੀਂ ਸੀ ਚੱਲ ਰਿਹਾ। ਅਜੇ ਨਵਾਂ-ਨਵਾਂ ਰਿਸ਼ਤਾ ਬਣਿਆ ਸੀ ਤੇ ਛੁੱਟੀ ਖ਼ਤਮ ਹੋਣ ਕਾਰਨ ਜਾਣਾ

ਪੈ ਗਿਆ। ਉਸ ਵਕਤ ਭਾਂਵੇ ਉਹ ਉਦਾਸ ਜਰੂਰ ਹੋਈ ਸੀ। ਪਰ ਅੱਜ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ ਰਿਹਾ। ਤੇ ਉਡੀਕ ਵਿੱਚ ਅੱਖੀਆਂ ਵਿਛਾਏਂ ਬੈਠੀ ਸੀ। ਸਮਾਂ ਕਾਫ਼ੀ ਬੀਤ ਚੁਕਾ ਸੀ। ਸ਼ਾਮ ਦੇ ਸੱਤ ਵੱਜ ਚੁੱਕੇ ਸਨ ਪਰ ਉਡੀਕ ਅਜੇ ਵੀ ਜਾਰੀ ਸੀ। ਰੇਡੀਓ ਤੇ ਮਧੁਰ ਅਵਾਜ਼ ਵਿੱਚ "ਇੱਕ ਪਿਆਰ ਕਾ ਨਗਮਾ ਹੈ" ਗੀਤ ਚੱਲ ਰਿਹਾ ਕਿ ਅਚਾਨਕ ਗੀਤ ਬੰਦ ਹੋ ਗਿਆ ਤੇ ਇੱਕ ਔਰਤ ਖਬਰਾਂ ਸੁਣਾਉਣ ਲੱਗੀ।

"ਇਹ ਅਕਾਸ਼ਵਾਣੀ ਹੈ। ਤਾਜਾਂ ਖਬਰਾਂ। ਹੁਣੇ-ਹੁਣੇ ਜੰਮੂ ਤੋਂ ਪੰਜਾਬ ਨੂੰ ਪਰਤ ਰਹੇ ਦੋ ਆਰਮੀ ਦੇ ਟਰੱਕਾਂ ਤੇ ਹਮਲਾ ਹੋਇਆ ਜਿਸ ਵਿੱਚ 22 ਜਵਾਨ ਸ਼ਹੀਦ ਹੋ ਗਏ ਤੇ ਲੱਗਭਗ 37 ਜਵਾਨ ਜਖ਼ਮੀ ਹੋ ਗਏ। ਇਹ ਹਮਲੇ ਦੀ ਅਜੇ ਕੋਈ ਪੁਸ਼ਤੀ ਨਹੀਂ ਹੋਈ"

ਉਸ ਤੋਂ ਬਾਅਦ ਹੋਰ ਵੀ ਖਬਰਾਂ ਪੜੀਆਂ ਗਈਆਂ ਪਰ ਸੰਜਨਾ ਦੇ ਕੰਨਾ ਤੱਕ ਉਹ ਖਬਰਾਂ ਪਹੁੰਚ ਨਾ ਸਕੀਆਂ। ਉਸ ਨੂੰ ਇੱਕ ਦਮ ਝਟਕਾ ਲੱਗਾ ਤੇ ਹੇਠਾਂ ਡਿੱਗ ਪਈ। ਉਸਦੇ ਕੋਲ ਕੋਈ ਨਹੀਂ ਸੀ। ਕੁਝ ਦੇਰ ਪਿੱਛੋਂ ਉੱਠੀ ਤੇ ਕਮਲੀ ਹੋਈ ਛੱਤ ਤੋਂ ਹੇਠਾਂ ਆਈ। ਦੇਖਿਆਂ ਤਾਂ ਸਾਰਾ ਪਰਿਵਾਰ ਇਕੱਠੇ ਹੋ ਕੇ ਬੈਠੇ ਹੋਏ ਸਨ, ਮਨਬੀਰ ਦਾ ਪਰਿਵਾਰ ਵੀ ਉੱਥੇ ਹੀ ਸੀ। ਸੰਜਨਾ ਨੂੰ ਆਉਂਦੀ ਦੇਖ ਉਸਦੀ ਸੱਸ ਕਾਹਲੀ ਨਾਲ ਉਸ ਵੱਲ ਗਈ ਤੇ ਉਸਨੂੰ ਸੰਭਾਲਿਆ। ਤੇ ਸੋਫੇ ਤੇ ਬਿਠਾਇਆ। ਕੋਈ ਕੁਝ ਵੀ ਨਹੀਂ ਸੀ ਬੋਲ ਰਿਹਾ। ਸਭ ਸ਼ਾਂਤ ਸਨ। ਅਕਸ਼ੇ ਦੇ ਪਿਤਾ ਨੂੰ ਵੀ ਆਰਮੀ ਦੇ ਦਫ਼ਤਰ ਤੋਂ ਫੋਨ ਆ ਚੁੱਕਾ ਸੀ ਜਿਸ ਵਿੱਚ ਸਾਫ ਤੌਰ ਤੇ ਪੁਸ਼ਟੀ ਕਰ ਦਿੱਤੀ ਕਿ ਸ਼ਹੀਦ ਹੋਣ ਵਾਲਿਆਂ ਵਿੱਚ ਅਕਸ਼ੇ ਵੀ ਸ਼ਾਮਿਲ ਹੈ। ਸਭ ਅੱਥਰੂ ਵਹਾ ਰਹੇ ਸਨ ਪਰ ਕੋਈ ਵੀ ਜਾਹਿਰ ਨਹੀਂ ਸੀ ਕਰ ਰਿਹਾ। ਸ਼ਾਇਦ ਸੰਜਨਾ ਦੇ ਕਾਰਨ।

ਸੰਜਨਾ ਕਮਲਿਆਂ ਦੀ ਤਰਾਂ ਕਰ ਰਹੀ ਸੀ। ਜਿਵੇਂ ਉਸ ਨੂੰ ਕੋਈ ਸੁਰਤ ਨਾ ਰਹੀ ਹੋਵੇ। ਫਿਰ ਤੋਂ ਫੋਨ ਆਇਆ ਤੇ ਉਨ੍ਹਾਂ ਦੱਸਿਆ ਕਿ ਉਹ ਕੱਲ ਨੂੰ ਸ਼ਹੀਦ ਦੀ ਲਾਸ਼ ਲੈ ਕੇ ਆਉਣਗੇ। ਇਹ ਖਬਰ ਸੁਣ ਅਕਸ਼ੇ ਦੇ ਪਿਤਾ ਸਤੀਸ਼ ਕੋਲੋਂ ਹੰਝੂ ਰੋਕੇ ਨਾ ਗਏ ਤੇ ਉੱਚੀ-

ਉੱਚੀ ਰੋਣ ਲੱਗਾ। ਉਸ ਵੱਲ ਦੇਖ ਅਕਸ਼ੇ ਦੀ ਮਾਂ ਪੂਜਾ ਵੀ ਰੋਣ ਲੱਗੀ। ਮਨਬੀਰ ਦੇ ਪਿਤਾ ਰਜਿੰਦਰ ਨੇ ਸਤੀਸ਼ ਨੂੰ ਹੌਸਲਾ ਰੱਖਣ ਲਈ ਕਿਹਾ। ਪਰ ਜਵਾਨ ਪੁੱਤ ਦੇ ਗੁਜਰਨ ਕਾਰਨ ਹੌਸਲਾ ਰੱਖਣਾ ਅਸਾਨ ਨਹੀਂ ਸੀ। ਉਹ ਰਜਿੰਦਰ ਦੇ ਗਲ ਲੱਗ ਹੋਰ ਉੱਚੀ-ਉੱਚੀ ਰੋਣ ਲੱਗਾ। ਮਨਬੀਰ ਇੱਕ ਪਾਸੇ ਬੈਠਾ ਸਭ ਤੋਂ ਲੁਕਾ ਕੇ ਅੱਥਰੂ ਵਹਾ ਰਹਾ ਸੀ। ਸੰਜਨਾ ਇੱਕ ਦਮ ਚੁੱਪ ਸੀ। ਰਾਤ ਏਦਾ ਹੀ ਬੈਠਿਆਂ ਬੀਤ ਗਈ। ਕਿਸੇ ਨੇ ਵੀ ਰਾਤ ਰੋਟੀ ਨਾ ਖਾਧੀ। ਸਵੇਰ ਹੋਈ। ਹੋਰ ਰਿਸ਼ਤੇਦਾਰ ਤੇ ਗੁਆਂਢੀ ਆਉਣ ਲੱਗੇ। ਮਨਬੀਰ ਨੇ ਅੰਤਿਮ ਸੰਸਕਾਰ ਲਈ ਸਭ ਤਿਆਰੀਆਂ ਕੀਤੀਆਂ। ਵੈਣ ਪਾਏ ਜਾਣ ਲੱਗੇ। ਸੰਜਨਾ ਅਜੇ ਵੀ ਓਸੇ ਤਰ੍ਹਾਂ ਹੀ ਬੈਠੀ ਹੋਈ ਸੀ। ਕੁਝ ਔਰਤਾਂ ਉੱਠੀਆਂ ਤੇ ਸੰਜਨਾ ਨੂੰ ਨਹਾ-ਧਵਾ ਕੇ ਤਿਆਰ ਕੀਤਾ। ਉਸ ਨੂੰ ਕੋਈ ਸੁਰਤ ਨਹੀਂ ਸੀ। ਕਰੀਬ ਗਿਆਰਾਂ ਵਜੇ ਫੌਜ ਦੀਆਂ ਗੱਡੀਆਂ ਆਈਆਂ। ਸਭ ਉਨ੍ਹਾਂ ਦੇ ਆਲੇ ਦੁਆਲੇ ਹੋ ਗਏ। ਬਹੁੱਤ ਇਕੱਠ ਸੀ। ਕਿਤੇ ਪੈਰ ਰੱਖਣ ਨੂੰ ਥਾਂ ਨਹੀਂ ਸੀ ਦਿੱਖਦੀ। ਗੱਡੀ ਵਿੱਚੋਂ ਫੌਜ ਦੇ ਜਵਾਨ ਉੱਤਰੇ ਤੇ ਉਨ੍ਹਾਂ ਨੇ ਸ਼ਹੀਦ ਵਾਲੇ ਬੰਦ ਬਕਸੇ ਨੂੰ ਮੋਢਿਆਂ ਤੇ ਚੁੱਕਿਆ ਤੇ ਅਰਥੀ ਦੇ ਕੋਲ ਬਣੇ ਥੜੇ ਤੇ ਰੱਖ ਦਿੱਤਾ। ਫਿਰ ਝੁਕੇ ਹੋਏ ਤਿਰੰਗੇ ਨੂੰ ਬੜੇ ਸਨਮਾਨ ਸਹਿਤ ਇਕੱਠਾ ਕੀਤਾ ਗਿਆ। ਬਕਸੇ ਦਾ ਢੱਕਣ ਖੋਲ੍ਹਿਆ ਗਿਆ। ਜਦ ਸਭ ਨੇ ਅਗਾਹ ਹੋ ਸ਼ਹੀਦ ਨੂੰ ਦੇਖਣਾ ਚਾਹਿਆ ਤੇ ਮੁੜਦੇ ਪੈਰੀਂ ਪਿਛਾਂਹ ਹੋ ਗਏ। ਲਾਸ਼ ਪਹਿਚਾਨਣ ਦੇ ਜਾਂ ਦੇਖਣ ਦੇ ਰੂਪ ਵਿੱਚ ਬਿਲਕੁਲ ਵੀ ਨਹੀਂ ਸੀ। ਉਸਦਾ ਕੋਈ ਵੀ ਅੰਗ ਸਰੀਰ ਨਾਲ ਜੁੜਿਆ ਹੋਇਆ ਨਹੀਂ ਸੀ। ਇੱਕ ਲੱਤ ਤਾਂ ਹੈ ਹੀ ਨਹੀਂ ਸੀ। ਤੇ ਬਾਹਾਂ ਅੱਧ-ਪਚੱਧੀਆਂ। ਮੂੰਹ ਦਾ ਇੱਕ ਪਾਸਾ ਵੀ ਉੱਡਿਆ ਹੋਇਆ ਸੀ। ਪੂਰਾ ਸਰੀਰ ਬਸ ਛੱਲਣੀ-ਛੱਲਣੀ ਹੋਇਆ ਪਿਆ ਸੀ। ਅਕਸ਼ੇ ਦੀ ਮਾਂ ਤੇ ਪਿਤਾ ਵੇਖਣ ਲਈ ਅਗਾਂਹ ਵਧੇ ਤੇ ਦੇਖਦੇ ਸਾਰ ਪਿੱਟ-ਪਿੱਟ ਰੋਣ ਲੱਗੇ। ਮਨਬੀਰ ਨੇ ਦੋਨਾਂ ਨੂੰ ਸੰਭਾਲਿਆ। ਤੇ ਪਿੱਛੇ ਲੈ ਗਿਆ। ਸੰਜਨਾ ਨੂੰ ਅੱਗੇ ਨਾ ਲਿਆਦਾਂ। ਸਭ ਦੇ ਦੇਖਣ ਪਿੱਛੋਂ ਲਾਸ਼ ਨੂੰ ਅਰਥੀ ਤੇ ਲਿਟਾਇਆ ਗਿਆ। ਫੌਜੀਆਂ ਨੇ ਸ਼ਹੀਦ ਦੇ ਸਨਮਾਨ ਵਿੱਚ ਗੋਲੀਆਂ ਅਸਮਾਨ ਵੱਲ ਚਲਾ ਸਲਾਮੀ

ਦਿੱਤੀ। ਉਪਰਾਂਤ ਸੰਸਕਾਰ ਦੀ ਵਿਧੀ ਹੋਈ। ਅਕਸ਼ੇ ਦੇ ਪਿਤਾ ਸਤੀਸ਼ ਨੇ ਅਰਥੀ ਨੂੰ ਅਗਨੀ ਭੇਟ ਕੀਤਾ। ਅਰਥੀ ਦੀ ਅਗਨੀ ਦੇਖ ਸੰਜਨਾ ਨੇ ਹੋਸ਼ ਸੰਭਾਲੀ ਤੇ ਅਰਥੀ ਵੱਲ ਭੱਜੀ। ਮਨਬੀਰ ਨੇ ਬੜੇ ਜੋਰ ਨਾਲ ਉਸ ਨੂੰ ਰੋਕਿਆ। ਉਹ ਉੱਚੀ-ਉੱਚੀ ਰੋਣ ਲੱਗੀ ਤੇ ਚੀਕਾਂ ਮਾਰਦੀ ਰਹੀ। ਉਸਦੀਆਂ ਚੀਕਾਂ ਕਾਰਨ ਸਭ ਦਾ ਧਿਆਨ ਉਸ ਵੱਲ ਸੀ। ਅੱਗ ਦੀਆਂ ਲਾਟਾਂ ਅਸਮਾਨ ਨੂੰ ਛੂਣ ਲੱਗੀਆਂ ਤੇ ਸੰਜਨਾ ਦੀਆਂ ਚੀਕਾਂ ਵੀ। ਕਾਫ਼ੀ ਦੇਰ ਤੱਕ ਸਭ ਉੱਥੇ ਖੜੇ ਰਹੇ। ਹੌਲੀ-ਹੌਲੀ ਸਭ ਆਪਣੇ ਘਰਾਂ ਨੂੰ ਪਰਤ ਗਏ ਤੇ ਗਿਣੇ-ਚੁਣੇ ਪਰਿਵਾਰਿਕ ਮੈਂਬਰ ਤੇ ਗੁਆਂਢੀ ਉੱਥੇ ਰਹੇ। ਸੰਸਕਾਰ ਤੋਂ ਪਿੱਛੋਂ ਕਈ ਦਿਨ ਤੱਕ ਅੰਤਿਮ ਰਸਮਾਂ ਹੋਈਆ।

ਕੁਝ ਸਮੇਂ ਪਿੱਛੋਂ ਇੱਕ ਫੌਜ ਦੇ ਸਮਾਰੋਹ ਵਿੱਚ ਅਕਸ਼ੇ ਦੇ ਪਰਿਵਾਰ ਨੂੰ ਬੁਲਾਇਆ ਗਿਆ ਤੇ ਹੋਰ ਸ਼ਹੀਦਾਂ ਦੇ ਪਰਿਵਾਰਾਂ ਨੂੰ ਵੀ। ਸਭ ਨੂੰ ਸ਼ਹੀਦਾਂ ਦੀ ਵੀਰਗਤੀ ਲਈ ਪਰਮਵੀਰ ਚੱਕਰ ਭੇਂਟ ਕੀਤਾ ਗਿਆ। ਇਸ ਸਨਮਾਨ ਪਿੱਛੋਂ ਸਭ ਆਪਣੇ-ਆਪਣੇ ਘਰਾਂ ਨੂੰ ਪਰਤ ਗਏ। ਅਕਸ਼ੇ ਦੇ ਘਰ ਬਿਲਕੁਲ ਵੀ ਰੌਣਕ ਨਾ ਰਹੀ। ਸੰਜਨਾ ਆਪਣੇ ਕਮਰੇ ਵਿੱਚ ਹਰ ਵਕਤ ਬੰਦ ਰਹਿੰਦੀ। ਰੋਟੀ ਪਾਣੀ ਵੀ ਘੱਟ-ਵੱਧ ਖਾਂਦੀ। ਕਮਲਿਆਂ ਵਾਂਗੂੰ ਬਣੀ ਰਹਿੰਦੀ। ਉਸ ਦੇ ਮਾਤਾ-ਪਿਤਾ ਨੇ ਉਸਨੂੰ ਉਹਨਾਂ ਨਾਲ ਚੱਲਣ ਲਈ ਕਿਹਾ ਪਰ ਉਸਨੇ ਨਾਲ ਜਾਣ ਤੋਂ ਸਾਫ ਮਨ੍ਹਾਂ ਕਰ ਦਿੱਤਾ। ਮਨਬੀਰ ਤੇ ਉਸਦਾ ਪਰਿਵਾਰ ਹਰ ਰੋਜ਼ ਅਕਸ਼ੇ ਘਰ ਆਉਂਦੇ ਤੇ ਉਨ੍ਹਾਂ ਦਾ ਖਿਆਲ਼ ਰੱਖਦੇ। ਏਸੇ ਤਰਾਂ ਕਰੀਬ ਦੋ-ਢਾਈ ਮਹੀਨੇ ਬੀਤ ਗਏ। ਇੱਕ ਦਿਨ ਅਚਾਨਕ ਅਕਸ਼ੇ ਦੇ ਪਿਤਾ ਸਤੀਸ਼ ਨੇ ਮਨਬੀਰ ਦੇ ਪਿਤਾ ਰਜਿੰਦਰ ਨੂੰ ਫੋਨ ਕਰ ਘਰ ਬੁਲਾਇਆ। ਕੁਝ ਚਿਰ ਪਿੱਛੋਂ ਰਜਿੰਦਰ ਘਰ ਆਇਆ ਤੇ ਸਤੀਸ਼ ਨੂੰ ਮਿਲਿਆ। ਕੋਲ ਹੀ ਅਕਸ਼ੇ ਦੀ ਮਾਂ ਪੂਜਾ ਵੀ ਬੈਠੀ ਸੀ। ਰਜਿੰਦਰ ਬੋਲਿਆ..

ਰਜਿੰਦਰ - ਕੀ ਗੱਲ ਕੋਈ ਜਰੂਰੀ ਕੰਮ ਸੀ?

ਸਤੀਸ਼ - ਹੈ ਤਾਂ ਜਰੂਰੀ ਹੀ। ਬਸ ਇੱਕ ਅਰਜ ਕਰਨੀ ਸੀ। ਜੇ ਮੰਜ਼ੂਰ ਹੋਵੇ ਬੜੀ ਕਿਰਪਾ ਹੋਵੇਗੀ।

ਰਜਿੰਦਰ - ਕਿਹੋ ਜਿਹੀਆਂ ਗੱਲਾਂ ਕਰ ਰਿਹਾ ਏ ਯਾਰ। ਹੁਕਮ ਕਰ ਤੂੰ, ਤੇਰਾ ਹਰ ਹੁਕਮ ਸਿਰ ਮੱਥੇ।

ਸਤੀਸ਼ - ਹੁਕਮ ਤਾਂ ਨਹੀਂ ਯਾਰਾ ਹੁਣ ਤਾਂ ਅਰਜ ਹੀ ਆ।

ਰਜਿੰਦਰ - ਗੱਲ ਤਾਂ ਦੱਸ ਕੀ ਆ?

ਸਤੀਸ਼ - ਸਮਝ ਨਹੀਂ ਆ ਰਹੀ ਕਿੱਦਾਂ ਸ਼ੁਰੂ ਕਰਾਂ।

ਰਜਿੰਦਰ - ਇਹੋ ਜਿਹੀ ਕਿਹੜੀ ਗੱਲ ਹੋ ਗਈ ਕਿ ਏਨਾ ਸੋਚ-ਵਿਚਾਰ ਕਰਨ ਦੀ ਲੋੜ ਪੈ ਗਈ? ਸੁੱਖ ਤਾਂ ਹੈ।

ਸਤੀਸ਼ - ਅਕਸ਼ੇ ਦੇ ਜਾਣ ਪਿੱਛੋਂ ਸੁੱਖ ਕਿੱਥੇ ਰਿਹਾ ਯਾਰ?

ਰਜਿੰਦਰ - ਦਿਲ ਹੌਲਾ ਨਾ ਕਰਿਆ ਕਰ। ਮਨਬੀਰ ਵੀ ਤੇਰਾ ਹੀ ਪੁੱਤ ਆ। ਭਾਂਵੇ ਏਥੇ ਰੱਖ ਲਾ ਉਸਨੂੰ ਪੱਕਾ।

ਸਤੀਸ਼ - ਆਪਣਾ ਸਮਝਦਾ ਹਾਂ ਤਦੇ ਤਾਂ ਤੈਨੂੰ ਅਰਜ ਕਰ ਰਹਾਂ ਹਾਂ।

ਰਜਿੰਦਰ - ਗੱਲ ਕੀ ਆ?

ਸਤੀਸ਼ - ਮੈਂ ਤੇਰੀ ਭਰਜਾਈ ਕਾਫ਼ੀ ਦਿਨਾਂ ਤੋਂ ਸੋਚ ਵਿਚਾਰ ਕਰ ਰਹੇ ਹਾਂ ਕਿ ਅਕਸ਼ੇ ਦੀ ਦੇ ਵਿਆਹ ਨੂੰ ਅਜੇ ਬਹੁਤਾ ਵਕਤ ਨਹੀਂ ਸੀ ਹੋਇਆ ਕਿ ਉਹ ਚੱਲ ਵੱਸਿਆ। ਚੱਲ ਉਹ ਤਾਂ ਜੋ ਰੱਬ ਨੂੰ ਮੰਜ਼ੂਰ ਸੀ ਓਹੀ ਹੋਣਾ ਹੈ। ਪਰ ਯਾਰ ਸੰਜਨਾ ਦੀ ਜਿੰਦਗੀ ਇੱਕ ਦਮ ਰੁੱਕ

ਗਈ ਹੈ। ਸਾਨੂੰ ਮਸਝ ਨਹੀਂ ਆ ਰਹੀ ਕਿ ਅਸੀਂ ਉਸਦੀ ਦੇਖ-ਭਾਲ ਕਰਾਂਗੇ ਜਾਂ ਉਹ ਸਾਡੀ ਕਰੇਗੀ। ਅਸੀਂ ਆਪਣੀ ਤਾਂ ਕਰ ਸਕਦੇ ਹਾਂ ਪਰ ਉਹ ਸਾਰੀ ਉਮਰ ਕਿੱਦਾ ਕੱਲਿਆਂ ਕੱਢੂ?

ਰਜਿੰਦਰ - ਸਮਝਦਾ ਹਾਂ ਮੈਂ ਤੇਰਾ ਦੁੱਖ। ਇਹ ਵੀ ਸਮਝ ਗਿਆ ਕਿ ਤੂੰ ਚਾਹੁੰਦਾ ਹੈ ਕਿ ਮੈਂ ਮਨਬੀਰ ਨਾਲ ਸੰਜਨਾ ਦੇ ਵਿਆਹ ਬਾਰੇ ਸੋਚਾਂ।

ਸਤੀਸ਼ - ਹਾਂ ਯਾਰਾਂ.. ਮੈਨੂੰ ਪਤਾ ਸੀ ਕਿ ਤੈਨੂੰ ਕੁਝ ਦੱਸਣ ਦੀ ਲੋੜ ਨਹੀਂ, ਬਿਨਾਂ ਕੁਝ ਕਹੇ ਹੀ ਤੂੰ ਮੇਰੇ ਦਿੱਲ ਦੀ ਗੱਲ ਬੁੱਝ ਲੈਂਦਾ ਏ। ਕੋਈ ਜੋਰ ਜ਼ਬਰਦਸਤੀ ਨਹੀਂ ਆ। ਤੂੰ ਮਨਬੀਰ ਨਾਲ ਗੱਲ ਕਰ ਤੇ ਰਣਜੀਤ ਭਾਬੀ ਨਾਲ ਵੀ। ਅਗਰ ਉਹ ਮੰਨਣ ਤਾਂ ਹੀ ਗੱਲ ਅੱਗੇ ਤੋਰਾਂਗੇ।

ਰਜਿੰਦਰ - ਕੋਈ ਨਾ ਮੇਰੇ ਭਰਾ, ਤੂੰ ਫਿਕਰ ਨਾ ਕਰ ਮੈਂ ਜਰੂਰ ਉਨ੍ਹਾਂ ਨਾਲ ਗੱਲ ਕਰਾਂਗਾਂ। ਵੈਸੈ ਜਿੱਥੋਂ ਤੱਕ ਮੈਨੂੰ ਲੱਗਦਾ ਉਹ ਮਨ੍ਹਾਂ ਨਹੀਂ ਕਰਨਗੇ। ਬਾਕੀ ਮਨਬੀਰ ਨੂੰ ਜਾਣਦਾ ਹੀ ਏ। ਜੇ ਤੂੰ ਵੀ ਉਸ ਨੂੰ ਕਹਿੰਦਾ ਤਾਂ ਉਹ ਕਦੇ ਮਨ੍ਹਾ ਨਹੀਂ ਕਰਦਾ।

ਸਤੀਸ਼ - ਹੈ ਤਾਂ ਠੀਕ ਪਰ ਮੈਂ ਮਨਬੀਰ ਦੀ ਖੁਸ਼ੀ ਨੂੰ ਖੋਹ ਦੁੱਖ ਉਸਦੇ ਪੱਲੇ ਨਹੀਂ ਬੰਨਣਾ ਚਾਹੁੰਦਾ। ਇਸ ਲਈ ਤੂੰ ਸੋਚ ਵਿਚਾਰ ਲੈ ਜੇ ਸਹੀ ਲੱਗਦਾ ਤਾਂ ਠੀਕ ਆ ਨਹੀਂ ਤਾਂ ਕੋਈ ਨੀ।

ਰਜਿੰਦਰ - ਮਨਬੀਰ ਨਾਲ ਤਾਂ ਗੱਲ ਹੋ ਜਾਵੂ। ਉਹ ਮੰਨ ਵੀ ਜਾਵੇਗਾ, ਪਰ ਕੀ ਸੰਜਨਾ ਨਾਲ ਤੂੰ ਗੱਲ ਕੀਤੀ। ਉਹ ਮੰਨੇਗੀ। ਜੇ ਉਹ ਮੰਨ ਗਈ ਤਾਂ ਉਸਦੇ ਮਾਪੇ ਤਾਂ ਵਿਰੋਧ ਤਾਂ ਨਹੀਂ ਕਰਨਗੇ? ਤੈਨੂੰ ਵੀ ਪਤਾ ਵਾ ਆਪਾ ਦੋਨੋਂ ਤਾਂ ਭਰਾ ਹਾਂ। ਭਾਂਵੇ ਆਪਣੇ ਧਰਮ ਵੱਖੋ-ਵੱਖਰੇ ਨੇ ਪਰ ਆਪਾ ਕਦੇ ਵਿੱਥ ਨਹੀਂ ਕੀਤੀ। ਜੋ ਭਾਵ ਆਪਾ ਇੱਕ ਦੂਜੇ ਲਈ ਰੱਖਦੇ ਹਾਂ,

ਕੀ ਉਹ ਸੰਜਨਾ ਦੇ ਮਾਪੇ ਸਮਝਣਗੇ? ਉਨ੍ਹਾਂ ਦੀ ਨਿਗ੍ਹਾ ਵਿੱਚ ਸਾਡਾ ਧਰਮ ਵੱਖਰਾ ਹੈ। ਤੇ ਪਤਾ ਨਹੀਂ ਉਹ ਆਪਣੀ ਧੀ ਨੂੰ ਸਿੱਖ ਧਰਮ ਵਿੱਚ ਵਿਆਉਣ ਜਾਂ ਨਹੀਂ।

ਸਤੀਸ਼ - ਹਾਂ ਉਨ੍ਹਾਂ ਨਾਲ ਵੀ ਕਰਨੀ ਪੈਣੀ ਗੱਲ। ਫਿਰ ਉਹ ਆਪ ਹੀ ਸੰਜਨਾ ਨਾਲ ਗੱਲ ਕਰਨਗੇ। ਸਾਡੇ ਵਿੱਚ ਹੌਸਲਾ ਨਹੀਂ ਕਿ ਅਸੀਂ ਸੰਜਨਾ ਨਾਲ ਗੱਲ ਕਰ ਸਕੀਏ। ਤੂੰ ਮਨਬੀਰ ਤੇ ਰਣਜੀਤ ਭਾਬੀ ਨਾਲ ਗੱਲ ਤੋਰ। ਜੇ ਉਹ ਮੰਨ ਗਏ ਤਾਂ ਏਧਰ ਵੀ ਮਨਾਉਣ ਦੀ ਕੋਸ਼ਿਸ ਕਰਾਂਗੇ। ਬਾਕੀ ਯਾਰ ਸੰਜਨਾ ਹੁਣ ਮੇਰੀ ਨੂੰਹ ਜਰੂਰ ਆ। ਪਰ ਤੋਰਾਂਗਾਂ ਉਸਨੂੰ ਮੈਂ ਧੀ ਬਣਾ ਕੇ ਹੀ।

ਰਜਿੰਦਰ - ਹਾਂ। ਵੈਸੇ ਹੁਣ ਹੱਕ ਸਭ ਤੋਂ ਵੱਧ ਤੇਰਾ ਹੀ ਆ ਸੰਜਨਾ ਤੇ। ਭਾਂਵੇ ਏਥੇ ਰੱਖ ਸਾਰੀ ਉਮਰ ਲਈ ਭਾਂਵੇ ਕਿਤੇ ਹੋਰ ਵਸਾ ਲੈ।

ਸਤੀਸ਼ - ਵਸਾਉਣੀ ਪੈਣੀ ਯਾਰ। ਵਿਚਾਰੀ ਨਿਆਣੀ ਜਿਹੀ ਤਾਂ ਹੈਗੀ ਆ ਅਜੇ ਉਹ। ਜਿੰਦਗੀ ਬਹੁਤ ਲੰਮੀ ਆ ਅਜੇ। ਇੱਕ ਉਹ ਗਰਭਵਤੀ ਵੀ ਆ। ਤੇ ਬੱਚੇ ਦੇ ਸਿਰ ਤੇ ਪਿਉ ਦਾ ਸਾਇਆ ਨਾ ਹੋਵੇ ਤਾਂ ਬੱਚਾ ਸਾਂਭਣਾ ਔਖਾ ਹੋ ਜਾਂਦਾ।

ਰਜਿੰਦਰ - ਕੋਈ ਨਾ ਯਾਰ ਜਿੱਥੋਂ ਤੱਕ ਮੈਂ ਮਨਬੀਰ ਨੂੰ ਜਾਣਦਾ ਹਾਂ ਉਹ ਕਿਸੇ ਦੇ ਦੁੱਖ ਚ' ਸ਼ਰੀਕ ਹੋਣ ਤੋਂ ਨਹੀਂ ਘਬਰਾਉਂਦਾ। ਭਾਂਵੇ ਖੁੱਦ ਦਾ ਨੁਕਸਾਨ ਹੀ ਕਿਉਂ ਨਾ ਹੋਵੇ। ਰੰਗ ਭਾਂਵੇ ਉਸਦਾ ਤਵੇ ਵਰਗਾ ਕਾਲਾ ਹੀ ਆ। ਪਰ ਕਿਸੇ ਦੀ ਭੁੱਖ ਮਿਟਾਉਣ ਲਈ ਖੁੱਦ ਨੂੰ ਸਾੜਣ ਤੋਂ ਨਹੀਂ ਡਰਦਾ। ਉਸਦਾ ਦਿਲ ਹਮੇਸ਼ਾ ਮਹਿਕਦਾ ਹੈ। ਕਾਲੇ ਗੁਲਾਬ ਦੀ ਤਰਾਂ।

ਸਤੀਸ਼ - ਸੱਚੀ ਯਾਰ ਉਹ ਕਾਲਾ ਗੁਲਾਬ ਹੀ ਆ। ਜਦੋਂ ਮਰਜੀ ਚਲੇ ਜਾਵੇ ਉਸ ਕੋਲ ਹਰ ਦਮ ਮਹਿਕਦਾ ਰਹਿੰਦਾ। ਭਾਂਵੇ ਖੁਸ਼ੀ ਹੋਵੇ ਜਾਂ ਗਮੀ।

ਰਜਿੰਦਰ - ਚੱਲ ਚੱਲਦਾ ਹਾਂ ਮੈਂ। ਅੱਜ ਹੀ ਰਾਤ ਨੂੰ ਗੱਲ ਕਰਦਾ ਦੋਨਾਂ ਮਾਂ ਪੁੱਤਾਂ ਨਾਲ।

ਸਤੀਸ਼ - ਮਿਹਰਬਾਨੀ ਵੀਰ। ਤੇਰਾ ਇਹ ਅਹਿਸਾਨ ਰਹਿੰਦੀ ਉਮਰ ਤੱਕ ਨਹੀਂ ਲਹਿ ਹੋਣਾ।

ਰਜਿੰਦਰ - ਕੋਈ ਨਾ ਯਾਰਾ। ਯਾਰ ਦੁੱਖ-ਸੁੱਖ ਲਈ ਹੀ ਤਾਂ ਹੁੰਦੇ ਨੇ। ਚੱਲਦਾ ਹਾਂ ਮੈਂ ਕੱਲ ਮਿਲਦਾ ਤੈਨੂੰ।

ਸਤੀਸ਼ - ਠੀਕ ਆ ਵੀਰੇ।

ਰਜਿੰਦਰ - ਚੰਗਾ। ਚੰਗਾ ਭਾਬੀ ਜੀ।

ਏਨਾ ਆਖ ਰਜਿੰਦਰ ਆਪਣੇ ਘਰ ਨੂੰ ਚੱਲ ਪਿਆ। ਤੇ ਸਤੀਸ਼ ਤੇ ਪੂਜਾ ਉੱਥੇ ਬੈਠ ਗਏ। ਰਜਿੰਦਰ ਘਰ ਪੁੱਜਾ ਤੇ ਮਨਬੀਰ ਦੀ ਬੈਂਕ ਚੋ' ਵਾਪਸ ਆਉਣ ਦੀ ਉਡੀਕ ਕਰਨ ਲੱਗਾ। ਸ਼ਾਮ ਦੇ ਛੇ ਕੁ ਵਜੇ ਦੇ ਕਰੀਬ ਮਨਬੀਰ ਘਰ ਆਇਆ। ਉਸਨੇ ਮੂੰਹ ਹੱਥ ਧੋਤਾ ਕੱਪੜੇ ਬਦਲੇ ਤੇ ਆਪਣੇ ਪਿਤਾ ਕੋਲ ਆ ਕੇ ਬੈਠ ਗਿਆ। ਏਨੇ ਨੂੰ ਉਸਦੀ ਮਾਂ ਚਾਹ ਲੈ ਕੇ ਆ ਗਈ। ਮਨਬੀਰ ਅਖਬਾਰ ਪੜਨ ਲੱਗਾ। ਸਾਰਾ ਪਰਿਵਾਰ ਇਕੱਠੇ ਬੈਠ ਗਏ। ਰਜਿੰਦਰ ਬੋਲਿਆ..

ਰਜਿੰਦਰ - ਮਨਬੀਰ ਪੁੱਤ ਇੱਕ ਗੱਲ ਕਰਨੀ ਸੀ ਤੇਰੇ ਤੇ ਤੇਰੀ ਮਾਂ ਨਾਲ।

ਮਨਬੀਰ - ਹਾਂਜੀ ਡੈਡੀ।

ਰਜਿੰਦਰ - ਪੁੱਤ ਤੈਨੂੰ ਪਤਾ ਅਕਸ਼ੇ ਦੀ ਮੌਤ ਪਿੱਛੋਂ ਉਸਦੇ ਘਰ ਦੀ ਰੌਣਕ ਲਗਭਗ ਖਤਮ ਹੀ ਹੋ ਗਈ ਏ। ਕਿਉਂ ਨਾ ਆਪਾ ਉਹਨਾਂ ਦੀ ਖੁਸ਼ੀ ਨੂੰ ਵਾਪਸ ਲਿਆਉਣ ਵਿੱਚ ਕੁਝ ਮਦਦ ਕਰੀਏ।

ਮਨਬੀਰ - ਕੋਈ ਨਾ ਡੈਡੀ ਜੀ। ਆਪਣੇ ਕੋਲੋਂ ਜੋ ਹੋਵੇਗਾ ਆਪਾਂ ਕਰਾਂਗੇ।

ਰਜਿੰਦਰ - ਪੁੱਤ ਤੂੰ ਸਮਝਦਾ ਹੀ ਆ ਕਿ ਅਕਸ਼ੇ ਦੇ ਪਿੱਛੋਂ ਸੰਜਨਾ ਵਿਚਾਰੀ ਇੱਕ ਦਮ ਇਕੱਲੀ ਹੋ ਗਈ ਏ। ਇੱਕ ਹੁਣ ਉਹ ਗਰਭਵਤੀ ਵੀ ਆ। ਤੇ ਸਾਰੀ ਉਮਰ ਵਿਚਾਰੀ ਇਕੱਲੀ ਕਿੱਦਾ ਕੱਢੂਗੀ। ਜੇ ਤੂੰ ਵਿਚਾਰ ਕਰੇ ਤਾਂ ਤੂੰ ਉਸਦਾ ਤੇ ਉਸਦੇ ਬੱਚੇ ਦਾ ਸਹਾਰਾ ਬਣ ਸਕਦਾ ਏ। ਬਾਕੀ ਤੇਰੇ ਤੇ ਨਿਰਭਰ ਕਰਦਾ ਕਿ ਤੂੰ ਕਿਵੇਂ ਸੋਚਦਾ ਏ। ਉਂਝ ਉਸਦਾ ਵਿਆਹ ਹੋਰ ਹੋ ਤਾਂ ਸਕਦਾ ਏ ਪਰ ਉਸਦੇ ਬੱਚੇ ਨੂੰ ਕੋਈ ਅਪਣਾਏ ਜਾਂ ਨਹੀਂ ਇਹ ਕਠਿਨਾਈ ਹੈ। ਅਗਰ ਵਿਚਾਰੀ ਇੱਕ ਦੁੱਖ ਚੋ' ਨਿਕਲ ਹੋਰ ਦੁੱਖਾਂ ਵਿੱਚ ਜਾ ਫਸੀ ਤਾਂ ਆਪਾ ਨੂੰ ਹੀ ਦੁੱਖ ਹੋਵੇਗਾ। ਬਾਕੀ ਕੁੜੀ ਮਾੜੀ ਨਹੀਂ ਆ। ਸੋਹਣੀ ਆ। ਪੜੀ ਲਿਖੀ ਆ। ਸੰਸਕਾਰੀ ਆ। ਮੈਂ ਨਹੀਂ ਚਾਹੁੰਦਾ ਕਿ ਉਹ ਹੋਰ ਦੁੱਖ ਭੋਗੇ।

ਰਣਜੀਤ - ਗੱਲ ਤਾਂ ਤੁਹਾਡੀ ਠੀਕ ਆ। ਵਿਚਾਰੀ ਦੀ ਉਮਰ ਵੀ ਅਜੇ ਕਿੰਨੀ ਕੁ ਆ ਕਿਤੇ। ਤੇ ਸਾਰੀ ਉਮਰ ਏਸੇ ਤਰ੍ਹਾਂ ਜੀਣ ਬਾਰੇ ਸੋਚਣ ਤੋਂ ਵੀ ਡਰ ਲੱਗਦਾ। ਬਾਕੀ ਮਨਬੀਰ ਤੂੰ ਸਮਝਦਾਰ ਏ। ਤੇਰੇ ਤੇ ਕੋਈ ਦਬਾ ਨਹੀਂ ਆ।

ਇਹ ਆਖ ਸਭ ਸ਼ਾਂਤ ਬੈਠ ਗਏ। ਕਰੀਬ ਪੰਜ-ਸੱਤ ਮਿੰਟ ਸੋਚਣ ਪਿਛੋਂ ਮਨਬੀਰ ਬੋਲਿਆ..

ਮਨਬੀਰ - ਅਕਸ਼ੇ ਦੇ ਮੰਮੀ ਡੈਡੀ ਮੰਨਣਗੇ? ਤੇ ਸੰਜਨਾ?

ਰਜਿੰਦਰ - ਲੈ ਪੁੱਤ ਉਨ੍ਹਾਂ ਨੇ ਹੀ ਤਾਂ ਮੈਨੂੰ ਤੇਰੇ ਨਾਲ ਗੱਲ ਕਰਨ ਨੂੰ ਕਿਹਾ। ਬਾਕੀ ਰਹੀ ਗੱਲ ਸੰਜਨਾ ਦੀ ਉਹ ਵੀ ਮੰਨ ਜਾਵੇਗੀ।

ਮਨਬੀਰ - ਠੀਕ ਆ ਡੈਡੀ ਜੀ ਜੇ ਤੁਹਾਨੂੰ ਮੰਜ਼ੂਰ ਆ ਤਾਂ ਮੈਨੂੰ ਕੋਈ ਮੁਸ਼ਕਿਲ ਨਹੀਂ। ਜਿਵੇਂ ਤੁਸੀਂ ਕਹੋਗੇਂ ਮੈਂ ਓਦਾਂ ਕਰ ਲੂ।

ਰਜਿੰਦਰ ਖੁਸ਼ ਹੋ ਕੇ ਬੋਲਿਆ..

ਰਜਿੰਦਰ - ਬੱਲੇ ਓਏ ਪੁੱਤਰਾ ਦਿਲ ਖੁਸ਼ ਕੀਤਾ ਈ। ਉੱਠ ਕੇ ਜੱਫੀ ਪਾ ਜਰਾ।

ਮਨਬੀਰ ਉੱਠਿਆ ਤੇ ਰਜਿੰਦਰ ਵੀ। ਦੋਨਾਂ ਨੇ ਬੜੇ ਖੁਸ਼ ਹੋ ਕੇ ਇੱਕ ਦੂਜੇ ਨੂੰ ਗਲ ਲਗਾਇਆ। ਫਿਰ ਰਜਿੰਦਰ ਬੋਲਿਆ।

ਰਜਿੰਦਰ - ਰੁਕ ਮੈਂ ਅਕਸ਼ੇ ਦੇ ਡੈਡੀ ਨੂੰ ਫੋਨ ਕਰ ਕੇ ਖੁਸ਼ਖਬਰੀ ਦੱਸ ਦਿਆ।

ਰਜਿੰਦਰ ਨੇ ਫੋਨ ਚੁੱਕਿਆ ਤੇ ਸਤੀਸ਼ ਦਾ ਨੰਬਰ ਲਾ ਦਿੱਤਾ। ਦੋ ਕੁ ਬੈੱਲਾਂ ਵੱਜਣ ਪਿੱਛੋਂ ਸਤੀਸ਼ ਨੇ ਫੋਨ ਚੁੱਕਿਆ। ਤੇ ਬੋਲਿਆ..

ਸਤੀਸ਼ - ਹੈਲੋ।

ਰਜਿੰਦਰ - ਮੁਬਾਰਕਾਂ ਹੋਣ ਭਾਈ। ਮੁੰਡਾ ਰਾਜੀ ਆ ਵਿਆਹ ਲਈ ਹੁਣ ਧੀ ਨੂੰ ਮਨਾਉਣ ਦੀ ਤਿਆਰੀ ਕਰ।

ਸਤੀਸ਼ - ਸੱਚੀ ਓਏ। ਆਹ ਤਾਂ ਤੂੰ ਮੇਰੇ ਦੁੱਖ ਹੌਲੇ ਕਰ ਦਿੱਤੇ ਸੱਜਣਾ। ਜਿੱਦਾਂ ਇਸ ਤੋਂ ਪਹਿਲਾਂ ਕਦੇ ਖੁਸ਼ੀ ਨਾ ਦੇਖੀ ਹੋਵੇ। ਮਿਹਰਬਾਨੀ ਯਾਰਾ।

ਰਜਿੰਦਰ - ਮਿਹਰਬਾਨੀਆਂ ਨਾ ਕਰ ਕੁੜੀ ਦੇ ਮਾਪਿਆਂ ਨੂੰ ਮਨਾਉਣ ਦੀ ਸਲਾਹ ਕਰ ਹੁਣ। ਕਿ ਕਿਦਾਂ ਮਨਾਉਣਾ ਉਨ੍ਹਾਂ ਨੂੰ।

ਸਤੀਸ਼ - ਚੱਲ ਕੱਲ ਹੀ ਗੱਲ ਕਰਨ ਚੱਲਦੇ ਹਾਂ ਉਨ੍ਹਾਂ ਨਾਲ ਵੀ। ਆਪਾ ਦੋਨੋਂ ਜਾਂਦੇ ਆ।

ਰਜਿੰਦਰ - ਠੀਕ ਆ ਕੋਈ ਨੀ ਚਲੇ ਜਾਵਾਂਗੇ। ਤੂੰ ਤਿਆਰੀ ਰੱਖ ਕੋਈ ਨਾ।

ਸਤੀਸ਼ - ਕੱਲ ਦਸ ਕੁ ਵਜੇ ਚੱਲਦੇ ਆ।

ਰਜਿੰਦਰ - ਠੀਕ ਆ ਵੀਰੇ।

ਸਤੀਸ਼ - ਮਿਹਰਬਾਨੀ ਭਰਾ। ਬਹੁਤ-ਬਹੁਤ ਮਿਹਰਬਾਨੀ।

ਰਜਿੰਦਰ - ਚੱਲ ਹੁਣ ਫੋਨ ਰੱਖ ਕੱਲ ਮਿਲਦੇ ਆ।

ਸਤੀਸ਼ - ਚੰਗਾ ਵੀਰੇ।

ਰਜਿੰਦਰ - ਚੰਗਾ ਭਰਾ।

ਏਨਾ ਆਖ ਦੋਨਾਂ ਨੇ ਫੋਨ ਕੱਟ ਦਿੱਤਾ। ਸਤੀਸ਼ ਨੇ ਬੜੀ ਕਾਹਲੀ ਚ' ਪੂਜਾ ਨੂੰ ਅਵਾਜ਼ ਮਾਰੀ।

ਸਤੀਸ਼ - ਪੂਜਾ.. ਪੂਜਾ.. ਪੂਜਾ.. ਕਿੱਥੇ ਮਰੀ ਏ।

ਪੂਜਾ - ਕੀ ਹੋਇਆ? ਕੀ ਰੌਲਾ ਪਾਇਆ ਜੇ?

ਸਤੀਸ਼ - ਮਨਬੀਰ ਦੇ ਡੈਡੀ ਦਾ ਫੋਨ ਸੀ। ਮਨਬੀਰ ਵਿਆਹ ਲਈ ਮੰਨ ਗਿਆ ਏ।

ਪੂਜਾ - ਸੱਚੀ।

ਸਤੀਸ਼ - ਹਾਂ। ਹੁਣ ਕੱਲ ਨੂੰ ਮੈਂ ਤੇ ਰਜਿੰਦਰ ਨੇ ਸੰਜਨਾ ਦੇ ਪੇਕੇ ਜਾਣਾ ਗੱਲ ਕਰਨ। ਸੱਚੇ ਪਾਤਸ਼ਾਹ ਨੇ ਚਾਹਿਆ ਤਾਂ ਉਹ ਵੀ ਮੰਨ ਜਾਣਗੇ।

ਪੂਜਾ - ਚਲੋ ਪਾਤਸ਼ਾਹ ਸਭ ਸਹੀ-ਸਹੀ ਕਰੇ।

ਏਸੇ ਤਰਾਂ ਗੱਲਾਂ ਬਾਤਾਂ ਚੱਲਦੀਆਂ ਰਹੀਆਂ ਤੇ ਰਾਤ ਗੁਜਰ ਗਈ। ਅਗਲੀ ਸਵੇਰ ਗਿਆਰਾਂ ਵਜੇ ਦੇ ਕਰੀਬ ਰਜਿੰਦਰ ਤੇ ਸਤੀਸ਼ ਸੰਜਨਾ ਦੇ ਪੇਕੇ ਪਹੁੰਚ ਗਏ। ਚਾਹ ਪਾਣੀ ਪੀਤਾ ਤੇ ਫਿਰ ਉਹਨਾਂ ਸੰਜਨਾ ਦੇ ਮੁੜ ਵਿਆਹ ਦੀ ਗੱਲ ਸਾਮਹਣੇ ਰੱਖੀ। ਪਹਿਲਾਂ ਤਾਂ ਉਸਦੇ ਮਾਪਿਆਂ ਨੇ ਸਾਫ ਮਨ੍ਹਾਂ ਕਰ ਦਿੱਤਾ। ਫਿਰ ਰਜਿੰਦਰ ਤੇ ਸਤੀਸ਼ ਦੇ ਸਮਝਾਉਣ ਤੇ ਉਹ ਮੰਨ ਗਏ ਤੇ ਸੰਜਨਾ ਨਾਲ ਗੱਲ ਕਰਨ ਲਈ ਰਾਜੀ ਹੋ ਗਏ। ਗੱਲ ਬਾਤ ਕਰਨ ਪਿੱਛੋਂ ਸੰਜਨਾ ਦੇ ਮਾਪੇ ਵੀ ਨਾਲ ਹੀ ਅਕਸ਼ੇ ਘਰ ਆ ਗਏ। ਤੇ ਕੁਝ ਦੇਰ ਰੁਕਣ ਪਿੱਛੋਂ ਸੰਜਨਾ ਨੂੰ ਕੁਝ ਦਿਨ ਲਈ ਨਾਲ ਹੀ ਲੈ ਗਏ। ਸੰਜਨਾ ਦੋ ਕੁ ਦਿਨ ਉੱਥੇ ਰਹੀ ਤਾਂ ਉਸਦੀ ਮਾਂ ਨੇ ਸੰਜਨਾ ਨਾਲ ਦੁਬਾਰਾ ਵਿਆਹ ਬਾਰੇ ਗੱਲ ਕੀਤੀ। ਪਰ ਸੰਜਨਾ ਨੇ ਸਾਫ ਮਨ੍ਹਾ ਕਰ ਦਿੱਤਾ। ਤੇ ਚੇਤਾਵਨੀ ਦਿੱਤੀ ਕਿ ਅਗਰ ਮੁੜ ਕਿਸੇ ਨੇ ਦੁਬਾਰਾ ਵਿਆਹ ਬਾਰੇ ਸਲਾਹ ਦਿੱਤੀ ਜਾਂ ਦਬਾ ਪਾਇਆ ਤਾਂ ਉਹ ਕਦੇ ਏਥੇ ਨਹੀਂ ਆਵੇਗੀ। ਉਸ ਪਿੱਛੋਂ ਕਿਸੇ ਦੀ ਹਿੰਮਤ ਨਾ ਹੋਈ ਸੰਜਨਾ ਨਾਲ ਗੱਲ ਕਰਨ ਦੀ। ਸੰਜਨਾ ਦੀ ਮਾਂ ਨੇ ਇਸ ਬਾਰੇ ਉਸਦੀ ਸੱਸ ਨੂੰ ਦੱਸਿਆ। ਇਸ ਬਾਰੇ ਸਭ ਨੂੰ ਬਹੁਤ ਬੁਰਾ ਲੱਗਾ। ਮਨਬੀਰ ਦੇ ਪਰਿਵਾਰ ਨੂੰ ਪਤਾ ਲੱਗਣ ਤੇ ਉਨ੍ਹਾਂ ਦਾ ਦਿੱਲ ਵੀ ਟੁੱਟ ਗਿਆ। ਪਰ ਮਨਬੀਰ ਨੇ ਬਿਲਕੁਲ ਵੀ ਬੁਰਾ ਨਾ ਮੰਨਿਆ। ਉਹ ਸੰਜਨਾ ਦੇ ਪੱਖ ਨੂੰ ਭਲੀ ਭਾਂਤੀ ਸਮਝਦਾ ਸੀ। ਉਸਨੇ ਸਭ ਨੂੰ ਕਿਹਾ ਕਿ ਤੁਸੀਂ ਫਿਕਰ ਨਾ ਕਰੋ। ਉਹ ਆਪ ਸੰਜਨਾ ਨਾਲ ਗੱਲ ਕਰੇਗਾ।

ਇਸ ਨਾਲ ਸਭ ਦੀ ਆਸ ਇੱਕ ਵਾਰ ਫਿਰ ਤੋਂ ਬਣ ਗਈ। ਕੁਝ ਦਿਨਾਂ ਪਿੱਛੋਂ ਮਨਬੀਰ ਸਵੇਰੇ ਤਿਆਰ ਹੋਇਆ ਤੇ ਬੁਲਟ ਕੱਢਿਆ ਤੇ ਜਾਂ ਅਕਸ਼ੇ ਦੇ ਸਹੁਰੇ ਪਹੁੰਚਿਆ। ਉਸ ਦੇ ਸਹੁਰੇ ਵੇਖ ਕੇ ਹੈਰਾਨ ਹੋਏ। ਪਰ ਉਹਨਾਂ ਮਨਬੀਰ ਦਾ ਪੂਰਾ ਸਤਿਕਾਰ ਕੀਤਾ। ਤੇ ਸੰਜਨਾ ਨੂੰ ਉਸਦੇ ਨਾਲ ਚੱਲਣ ਲਈ ਕਿਹਾ। ਸੰਜਨਾ ਨੇ ਮਨ੍ਹਾ ਕਰ ਦਿੱਤਾ। ਪਰ ਅਕਸ਼ੇ ਦਾ

ਵਾਸਤਾ ਦੇਣ ਪਿੱਛੋਂ ਉਹ ਰਾਜੀ ਹੋ ਗਈ। ਉਸਨੇ ਸੰਜਨਾ ਨੂੰ ਆਪਣੇ ਪਿੱਛੇ ਬਿਠਾਇਆ ਤੇ ਇੱਕ ਵਗਦੇ ਦਰਿਆ ਦੇ ਪੁਲ ਤੇ ਲੈ ਗਿਆ। ਪੁਲ ਕਾਫ਼ੀ ਪੁਰਾਣਾ ਸੀ ਜਿਸ ਕਾਰਨ ਉਸ ਰਾਹੀਂ ਕੋਈ ਨਹੀਂ ਸੀ ਲੰਘਦਾ। ਬੁਲਟ ਰੋਕਿਆ ਤੇ ਸੰਜਨਾ ਪਿੱਛੋਂ ਉਤਰ ਗਈ। ਮਨਬੀਰ ਵੀ ਉਤਰਿਆ। ਸੰਜਨਾ ਅੱਗੇ ਨੂੰ ਵਧੀ ਤੇ ਪੁੱਲ ਦੇ ਉਪਰੋਂ ਵਗਦੇ ਪਾਣੀ ਨੂੰ ਦੇਖਣ ਲੱਗੀ। ਮਨਬੀਰ ਵੀ ਉਸਦੇ ਪਿੱਛੇ ਹੀ ਤੁਰ ਪਿਆ। ਕਾਫ਼ੀ ਚਿਰ ਸ਼ਾਂਤ ਬੈਠੇ ਰਹੇ। ਫਿਰ ਮਨਬੀਰ ਸੰਜਨਾ ਦੇ ਕੋਲ ਗਿਆ ਤੇ ਬੋਲਿਆ..

ਮਨਬੀਰ - ਇਸ ਪਾਣੀ ਨੂੰ ਦੇਖ ਸੰਜਨਾ। ਇਹ ਹਿਮਾਲਿਆ ਤੋਂ ਹੁੰਦਾ ਹੋਇਆ ਇੱਥੇ ਆ ਪੁੱਜਦਾ ਏ। ਤੇ ਇਸਦਾ ਅਸਲ ਮਕਸਦ ਸਮੁੰਦਰ ਵਿੱਚ ਮਿਲਣਾ ਹੁੰਦਾ ਏ। ਜੱਦ ਤੱਕ ਇਹ ਸਮੁੰਦਰ ਵਿੱਚ ਨਹੀਂ ਮਿਲਦਾ ਇਹ ਚੱਲਣਾ ਬੰਦ ਨਹੀਂ ਕਰਦਾ। ਦੇਖ ਇਸਦੀ ਮਰਿਆਦਾ ਜਾਂ ਹਾਲਾਤ ਕਾਰਨ ਵਗਣਾ ਜਾਰੀ ਰਹਿੰਦਾ ਹੈ ਭਾਂਵੇ ਇਸਦੇ ਰਾਹ ਵਿੱਚ ਡੈਮ ਬਣਾ ਦਿੱਤੇ ਜਾਣ ਜਾਂ ਹੋਰ ਰੁਕਾਵਟਾਂ ਆਉਣ। ਅਗਰ ਇਸਦਾ ਵਗਣਾ ਰੁਕ ਜਾਵੇ ਤਾਂ ਕਿੰਨੇ ਜੀਵ, ਰੁੱਖ, ਜਾਨਵਰ ਪ੍ਰਭਾਵਿਤ ਹੁੰਦੇ ਨੇ। ਇਸਦੇ ਵਹਾਅ ਤੇ ਕਈ ਕੁਝ ਨਿਰਭਰ ਹੈ। ਅਗਰ ਵਹਾਅ ਬੰਜਰ ਜ਼ਮੀਨ ਵੱਲ ਚੱਲ ਪਏ ਤਾਂ ਬੰਜਰ ਨੂੰ ਹੋਰ ਕਠੋਰ ਕਰ ਦੇਵੇਗਾ ਪਰ ਉਪਜ਼ਾਊ ਜ਼ਮੀਨ ਵੱਲ ਚੱਲੇ ਤਾਂ ਹਰਿਆਲੀ ਹੀ ਹੋਵੇਗੀ। ਏਸੇ ਤਰਾਂ ਹੀ ਜਿੰਦਗੀ ਦਾ ਵਹਾਅ ਹੈ। ਅਗਰ ਰੁਕ ਗਈ ਜਾਂ ਚਾਲ ਬਦਲ ਗਈ ਤਾਂ ਬਦਲਾਵ ਪੂਰੀ ਤਰਾਂ ਬਦਲ ਜਾਂਦਾ ਹੈ। ਇੱਕ ਜਿੰਦਗੀ ਸਿਰਫ ਇੱਕ ਲਈ ਹੀ ਨਹੀਂ ਹੁੰਦੀ। ਉਸ ਨਾਲ ਹੋਰ ਵੀ ਜਿੰਦਗੀਆਂ ਜੁੜੀਆਂ ਹੁੰਦੀਆਂ ਨੇ। ਇਹ ਸਾਡੇ ਤੇ ਨਿਰਭਰ ਹੈ ਅਸੀਂ ਆਪਣੀ ਜਿੰਦਗੀ ਨੂੰ ਕਿਸ ਪਾਸੇ ਵੱਲ ਮੋੜਨਾ ਹੈ। ਬੰਜਰ ਜ਼ਮੀਨ ਵਾਲੇ ਪਾਸੇ ਜਾਂ ਉਪਜ਼ਾਊ ਜ਼ਮੀਨ ਵਾਲੇ ਪਾਸੇ।

ਸੰਜਨਾ ਨੇ ਮਨਬੀਰ ਦੀਆਂ ਗੱਲਾਂ ਸੁਣੀਆਂ ਤੇ ਬੋਲੀ।

ਸੰਜਨਾ - ਮੇਰੀ ਜ਼ਿੰਦਗੀ ਤਾਂ ਪਹਿਲਾਂ ਹੀ ਬੰਜਰ ਏ। ਇਹ ਕਿਸੇ ਵੱਲ ਮੁੜੀ ਜਾਂ ਇਸ ਵਿੱਚ ਕੋਈ ਆਇਆ ਤਾਂ ਉਹ ਵੀ ਮੇਰੀ ਤਰ੍ਹਾਂ ਹੋ ਜਾਵੇਗਾ।

ਮਨਬੀਰ - ਜ਼ਿੰਦਗੀ ਬੰਜਰ ਨਹੀਂ ਹੁੰਦੀ। ਰਾਹ ਬੰਜਰ ਹੁੰਦੇ ਨੇ। ਜ਼ਿੰਦਗੀ ਤਾਂ ਵਹਾਅ ਏ। ਜਿਸ ਪਾਸੇ ਮੋੜੋਗੇ ਉਹੋ ਜਿਹੀ ਹੋ ਜਾਵੇਗੀ।

ਸੰਜਨਾ - ਅਗਰ ਮੈਂ ਦੁਬਾਰਾਂ ਵਿਆਹ ਕਰਾ ਲਿਆ ਤਾਂ ਅਕਸ਼ੇ ਕੀ ਸੋਚੂ। ਕਿ ਮੇਰੇ ਮਰਨ ਪਿੱਛੋਂ ਇਹ ਖੁਸ਼ੀਆਂ ਮਨਾਉਂਦੀ ਫਿਰਦੀ ਏ। ਲੋਕ ਵੰਨ-ਸੁਵੰਨੀਆਂ ਗੱਲਾਂ ਕਰਨਗੇ। ਮੇਰੇ ਕੋਲੋਂ ਲੋਕਾਂ ਦੀਆਂ ਗੱਲਾਂ ਨਹੀਂ ਸੁਣੀਆਂ ਜਾਣੀਆਂ। ਅਕਸ਼ੇ ਦੀ ਸ਼ਹੀਦੀ ਦੇ ਸਨਮਾਨ ਨੂੰ ਮੈਂ ਆਪਣੇ ਕਾਰਨ ਬਦਨਾਮੀ ਵਿੱਚ ਨਹੀਂ ਬਦਲ ਸਕਦੀ।

ਮਨਬੀਰ - ਮੈਨੂੰ ਲੱਗਦਾ ਅਕਸ਼ੇ ਨੂੰ ਤੇਰੇ ਨਾਲੋਂ ਮੈਂ ਜਿਆਦਾ ਜਾਣਦਾ ਹਾਂ। ਤੇ ਉਹ ਹਮੇਸ਼ਾ ਜ਼ਿੰਦਗੀ ਦਾ ਆਸ਼ਕ ਰਿਹਾ ਏ ਨਾ ਕਿ ਖੁਦਖੁਸ਼ੀ ਤੇ ਕਾਇਰਤਾ ਦਾ। ਬਾਕੀ ਅਗਰ ਕਿਸੇ ਦੇ ਮਰਨ ਪਿੱਛੋਂ ਅਜੇ ਤੱਕ ਕਦੇ ਵੀ ਵਿਕਾਸ ਨਹੀਂ ਰੁਕਿਆ। ਹਰ ਵਕਤ ਗਮ ਨੂੰ ਜ਼ਿੰਦਗੀ ਵਿੱਚ ਧਾਰੀ ਰੱਖਾਂਗੇ ਤਾਂ ਖੁਸ਼ੀਆਂ ਨੇ ਕਦੇ ਵੀ ਦਸਤਕ ਨਹੀਂ ਦੇਣੀ। ਰਹੀ ਗੱਲ ਲੋਕਾਂ ਦੀ ਤਾਂ ਉਹ ਹੁਣ ਗੱਲਾਂ ਕਰਨਗੇ ਪਰ ਕੁਝ ਦੇਰ ਪਿੱਛੋਂ ਚੁੱਪ ਹੋ ਜਾਣਗੇ। ਹੁਣ ਤੂੰ ਸੋਚ ਲਾ, ਕਿ ਹੁਣ ਗੱਲਾਂ ਸੁਣਨੀਆਂ ਨੇ ਜਾਂ ਸਾਰੀ ਉਮਰ। ਕਿਉਂਕਿ ਜਿੰਨਾਂ ਨੇ ਗੱਲਾਂ ਕਰਨੀਆਂ ਨੇ ਉਹਨਾਂ ਕੋਈ ਨਾ ਕੋਈ ਬਹਾਨਾ ਲੱਭ ਹੀ ਲੈਣਾ ਏ। ਲੋਕਾਂ ਦੀ ਪਰਵਾਹ ਕਰਦੇ ਰਹੇ ਤਾਂ ਜ਼ਿੰਦਗੀ ਰੁਕੀ ਹੀ ਰਹੇਗੀ।

ਸੰਜਨਾ - ਮੈਂ ਗਰਭਵਤੀ ਹਾਂ।

ਮਨਬੀਰ - ਜਾਣਦਾ ਹਾਂ ਮੈਂ।

ਸੰਜਨਾ - ਦੂਜੇ ਵਿਆਹ ਪਿੱਛੋਂ ਹੋਰ ਬੱਚੇ ਹੋਏ ਤਾਂ ਇਸਦੀ ਕਦਰ ਘੱਟ ਜਾਵੇਗੀ।

ਮਨਬੀਰ - ਮੈਂ ਕਦੇ ਵੀ ਹੋਰ ਬੱਚੇ ਦੀ ਮੰਗ ਨਹੀਂ ਕਰਾਂਗਾਂ। ਅਕਸ਼ੇ ਦੇ ਬੱਚੇ ਨੂੰ ਹੀ ਪਿਉ ਬਣ ਪਿਆਰ ਦਿਆਂਗਾਂ।

ਸੰਜਨਾ - ਮੈਂ ਦੁਬਾਰਾਂ ਵਿਆਹ ਦੀਆਂ ਖੁਸ਼ੀਆਂ ਨਹੀਂ ਮਨਾਉਣਾ ਚਾਹੁੰਦੀ।

ਮਨਬੀਰ - ਆਪਾ ਕੋਰਟ ਮੈਰਿਜ ਕਰਾ ਲਵਾਂਗੇ।

ਸੰਜਨਾ - ਮੈਨੂੰ ਕਦੇ ਵੀ ਜਿਸਮਾਨੀ ਤਾਲੂਕਾਤ ਬਣਾਉਣ ਲਈ ਮਜਬੂਰ ਨਹੀਂ ਕਰੋਗੇ।

ਮਨਬੀਰ - ਜਦ ਤੱਕ ਤੇਰੀ ਹਾਮੀ ਨਹੀਂ ਹੋਵੇਗੀ ਮੈਂ ਕਦੇ ਛੂਹਾਂਗਾ ਵੀ ਨਹੀਂ।

ਫਿਰ ਕੁਝ ਦੇਰ ਲਈ ਦੋਨੋਂ ਚੁੱਪ ਹੋ ਗਏ। ਫਿਰ ਮਨਬੀਰ ਬੋਲਿਆ..

ਮਨਬੀਰ - ਕੁਝ ਹੋਰ ਵੀ ਦਿਲ ਵਿੱਚ ਸਵਾਲ ਹੋਵੇ ਤਾਂ ਬੇ ਝਿੱਜਕ ਦੱਸ ਦੇ। ਮੈਨੂੰ ਕੋਈ ਮੁਸ਼ਕਿਲ ਨਹੀਂ।

ਸੰਜਨਾ - ਨਹੀਂ ਕੋਈ ਸਵਾਲ ਨਹੀਂ। ਬੱਸ ਮੇਰੇ ਬੱਚੇ ਨੂੰ ਆਪਣਾ ਸਮਝਣਾ।

ਮਨਬੀਰ - ਮੈਂ ਕਦੇ ਜੁਬਾਨ ਤੋਂ ਨਹੀਂ ਫਿਰਦਾ। ਜੇ ਤੈਨੂੰ ਕੋਈ ਸ਼ੱਕ ਹੈ ਤੇ ਮੇਰੇ ਕੋਲੋਂ ਲਿਖਤੀ ਬਿਆਨ ਲੈ ਸਕਦੀ ਏ।

ਸੰਜਨਾ - ਨਹੀਂ ਉਸਦੀ ਕੋਈ ਲੋੜ ਨਹੀਂ ਮੈਨੂੰ ਯਕੀਨ ਹੈ।

ਮਨਬੀਰ - ਸ਼ੁਕਰੀਆ। ਏਨਾ ਯਕੀਨ ਰੱਖਣ ਲਈ। ਬਸ ਚੱਲੀਏ ਹੁਣ।

ਸੰਜਨਾ - ਹਾਂਜੀ।

ਏਨਾ ਆਖ ਦੋਨੋਂ ਮੋਟਰਸਾਇਕਲ ਵੱਲ ਨੂੰ ਤੁਰ ਪਏ। ਉਹ ਸੰਜਨਾ ਦੇ ਘਰ ਗਏ ਤੇ ਓਥੋਂ ਉਸਦਾ ਸਮਾਨ ਲੈ ਅਕਸ਼ੇ ਦੇ ਘਰ ਪਹੁੰਚ ਗਏ। ਮਨਬੀਰ ਨੇ ਸਭ ਨੂੰ ਸੰਜਨਾ ਦੇ ਵਿਆਹ ਲਈ ਰਾਜੀ ਹੋਣ ਬਾਰੇ ਦੱਸਿਆ । ਸਭ ਖੁਸ਼ ਹੋਏ। ਫਿਰ ਕਰੀਬ ਪੰਦਰਾਂ ਦਿਨ ਬਾਅਦ ਤਿੰਨਾਂ ਪਰਿਵਾਰਾਂ ਨੇ ਰਲ ਕੇ ਉਨ੍ਹਾਂ ਦੀ ਕੋਰਟ ਮੈਰਿਜ ਕਰਵਾ ਦਿੱਤੀ। ਸੱਤ ਕੁ ਮਹੀਨੇ ਪਿੱਛੋਂ ਉਹਨਾਂ ਦੇ ਘਰ ਇੱਕ ਬੇਟੀ ਨੇ ਜਨਮ ਲਿਆ ਜਿਸਦਾ ਨਾਮ ਸੁਮਨ ਰੱਖਿਆ ਗਿਆ। ਉਸ ਤੋਂ ਬਾਅਦ ਕਦੇ ਵੀ ਮਨਬੀਰ ਨੇ ਸੰਜਨਾ ਨੂੰ ਹੋਰ ਬੱਚੇ ਲਈ ਮਜਬੂਰ ਨਹੀਂ ਕੀਤਾ। ਵਕਤ ਦੇ ਨਾਲ-ਨਾਲ ਸੰਜਨਾ ਦੇ ਰੋਸ ਮਿੱਟ ਗਏ। ਉਨ੍ਹਾਂ ਦੇ ਮਨਾਂ ਤੇ ਜਿਸਮਾਂ ਦੌਰਾਨ ਦੂਰੀਆਂ ਜਿਆਦਾ ਦੇਰ ਨਾ ਰਹੀਆਂ।

ਇਨਸਾਨ ਨੂੰ ਕਦੇ ਵੀ ਉਸਦੇ ਪਹਿਰਾਵੇ, ਧਰਮ, ਜਾਤ ਜਾਂ ਰੰਗ ਤੋਂ ਨਹੀਂ ਪਰਖਣਾ ਚਾਹੀਦਾ। ਕੋਈ ਨਹੀਂ ਜਾਣਦਾ ਕਿ ਪਾਟੇ ਲੀੜਿਆਂ ਪਿੱਛੇ ਕਿੰਨਾ ਕੁ ਅਮੀਰ ਜਾਂ ਮਹਾਨ ਇਨਸਾਨ ਲੁਕਿਆ ਬੈਠਾ ਏ। ਜਾਂ ਕਾਲੇ ਰੰਗ ਪਿੱਛੇ ਕਿੰਨਾ ਕੁ ਇਮਾਨਦਾਰ ਤੇ ਖ਼ੂਬਸੂਰਤ ਦਿਲ ਹੈ। ਮੈਂ ਕਈ ਇਹੋ ਜਿਹੇ ਇਨਸਾਨਾਂ ਦਾ ਨੇੜੂ ਹੋਇਆਂ ਹਾਂ। ਜੋ ਰੰਗ ਪੱਖੋਂ ਕੋਇਲਾ ਤੇ ਦਿਲ ਪੱਖੋਂ ਗੁਣਾਂ ਸਹਿਤ ਭਰਪੂਰ। ਮਨਬੀਰ ਭਾਂਵੇ ਰੰਗ ਦਾ ਕਾਲਾ ਸੀ ਪਰ ਉਹ ਉਸ ਕਾਲੇ ਗੁਲਾਬ ਦੀ ਤਰਾਂ ਸੀ ਜੋ ਮਹਿਕਣ ਵਿੱਚ ਤੇ ਸਭ ਨੂੰ ਖੁਸ਼ੀ ਦੇਣ ਵਿੱਚ ਸਭ ਤੋਂ ਅੱਵਲ ਨੰਬਰ ਤੇ ਸੀ। ਉਸਨੇ ਸੰਜਨਾ ਦੇ ਦੁੱਖ ਨੂੰ ਸਮਝਿਆ। ਤੇ ਬਿਨਾਂ ਕਾਹਲੀ ਕੀਤੇ ਉਸ ਨੂੰ ਜਿੰਦਗੀ ਨੂੰ ਸਮਝਣ ਲਈ ਸਮਾਂ ਦਿੱਤਾ ਤੇ ਉਸਦਾ ਵਿਸ਼ਵਾਸ ਬਣਾਈ ਰੱਖਣ ਲਈ ਹਾਲਾਤਾਂ ਨੂੰ ਸਮਝਦੇ ਹੋਏ ਉਸੇ ਵਚਨਾਂ ਵਿੱਚ ਹਾਮੀ ਭਰੀ। ਉਸਨੂੰ ਬੜੇ ਹੀ ਸਬਰ ਸਹਿਤ ਜਿੰਦਗੀ ਦੀ ਅਸਲ ਸਚਾਈ ਤੋਂ ਜਾਣੂ ਕਰਵਾਇਆ ਤੇ ਉਮਰ ਭਰ ਸਾਥ ਨਿਭਾਉਣ ਦਾ ਵਚਨ ਦਿੱਤਾ। ਉਸਦੇ ਇਹਨਾਂ ਗੁਣਾਂ ਕਾਰਨ ਹੀ ਉਹ ਸੰਜਨਾ ਲਈ ਇੱਕ ਕਾਲਾ ਗੁਲਾਬ ਬਣ ਕੇ ਉੱਭਰਿਆ।

ਇਹ ਕਹਾਣੀ ਭਾਂਵੇ ਲਿਖਤੀ ਰੂਪ ਵਿੱਚ ਮੇਰੀ ਜੁਬਾਨ ਵਿੱਚ ਹੈ ਪਰ ਇਸਦੀ ਸੋਚ ਰੱਖਣ ਵਾਲਾ ਕੋਈ ਹੋਰ ਨਹੀਂ ਮੇਰੇ ਸਤਿਕਾਰ ਯੋਗ ਪਿਤਾ ਸਰਦਾਰ ਕਸ਼ਮੀਰ ਸਿੰਘ ਜੀ ਹਨ। ਉਨ੍ਹਾਂ ਮੈਨੂੰ ਕਿਹਾ ਕਿ ਦੋ ਐਸੇ ਬੰਦਿਆਂ ਦੀ ਕਹਾਣੀ ਬਿਆਨ ਕਰਾਂ ਜੋ ਧਰਮ ਦੇ ਨਜਰੀਏ ਤੋਂ ਭਾਂਵੇ ਦੋ ਨਜਰ ਆਉਣ ਪਰ ਉਹ ਦਿਲ ਅਤੇ ਸੋਚ ਦੇ ਪੱਖ ਤੋਂ ਇੱਕ ਹੋਣ। ਜਿਵੇਂ ਇਸ ਕਹਾਣੀ ਵਿੱਚ ਰਜਿੰਦਰ ਤੇ ਸਤੀਸ਼ ਦੇ ਯਾਰੀ ਦੇ ਭਾਵ ਨੂੰ ਪੇਸ਼ ਕੀਤਾ ਗਿਆ ਸਭ ਮੇਰੇ ਪਿਤਾ ਜੀ ਦੀ ਸੋਚ ਦਾ ਨਤੀਜਾ ਹੈ। ਉਹ ਆਪ ਵੀ ਬਹੁਤ ਵਧੀਆ ਲਿੱਖਦੇ ਨੇ। ਪਰ ਉਹਨਾਂ ਆਪਣੀ ਸੋਚ ਨੂੰ ਮੇਰੇ ਸਬਦਾਂ ਵਿੱਚ ਬਿਆਨ ਕਰਨ ਲਈ ਮੈਨੂੰ ਕਿਹਾ। ਮੈਂ ਬੜਾ ਧੰਨਵਾਦੀ ਹਾਂ ਆਪਣੇ ਪਿਤਾ ਜੀ ਦਾ ਕਿ ਉਨ੍ਹਾਂ ਦਾ ਅੰਸ਼ ਹੋਣ ਕਾਰਨ ਹੀ ਮੇਰੇ ਵਿੱਚ ਲਿਖਣ ਦਾ ਗੁਣ ਹੈ ਤੇ ਨਵੀਆਂ ਰਚਨਾਵਾਂ ਪੈਦਾ ਕਰਨ ਦਾ ਹੁਨਰ ਹੈ। ਜਿਸ ਤਰਾਂ ਮੇਰੇ ਪਿਤਾ ਦੇ ਕੁਝ ਗੁਣ ਮੇਰੇ ਅੰਦਰ ਹਨ। ਓਸੇ ਤਰਾਂ ਮਨਬੀਰ ਦੇ ਅੰਦਰ ਵੀ ਆਪਣੇ ਪਿਤਾ ਦੇ ਗੁਣ ਨਜਰ ਆਉਂਦੇ ਨੇ। ਨਿਰਭਰ ਸ਼ੰਸਕਾਰਾਂ ਤੇ ਕਰਦਾ ਹੈ। ਅਗਰ ਘਰ ਦਾ ਮਾਹੌਲ ਅਨੁਸ਼ਾਸਨ ਭਰਪੂਰ ਹੋਵੇਗਾ ਤਾਂ ਹਰ ਘਰ ਮਨਬੀਰ ਵਰਗੇ ਪੁੱਤ ਹੀ ਜਨਮ ਲੈਣਗੇ।

**ਪ੍ਰੀਤ ਸਿੰਘ ਭੈਣੀ**

**ਐੱਮ. ਏ. ਪੰਜਾਬੀ.**




KHALSA COLLEGE
SAJRA SAHIT
ਖ਼ਾਲਸਾ ਕਾਲਜ ਸੱਜਰਾ ਸਾਹਿਤ
www.PunjabiLibrary.com